




The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Edmonton : 780 599 2000 | Regina/Saskatoon : 639 999 1000 : Winnipeg 431 733 3000

Chief Editor : Harbans Buttar








Vol: 10 No: 238 Website : www.punjabiakhbaar.ca Email: editor@punjabiakhbaar.ca Friday, 23 February 2024


## ਸਾਂਝਾ ਪੰਜਾਬ ਗਰੌਸਰੀ ਸਟੋਰ ਕੈਲਗਰੀ ਵਾਲਿਆਂ ਨੇ ਆਪਣਾ ਪੰਜਵਾਂ ਸਟੋਰ ਰੈੱਡ ਸਟੋਨ ਵਿੱਚ ਖੋਲ੍ਹਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) - ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਰੈਡ ਸਟੋਨ ਵਿਖੇ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਪੰਜਵੀਂ ਲੋਕੇਸ਼ਨ ਖੁੱਲ ਗਈ ਹੈ । 3150-235 ਰੈਡ ਐਂਬਰ ਵੇਅ ਨਾਰਥ ਈਸਟ ਕੈਲਗਰੀ ਵਿਖੇ ਸਟੋਰ ਖੁੱਲਣ ਦੇ ਪਹਿਲੇ ਦਿਨ ਸਾਂਝਾ ਪੰਜਾਬ ਗਰੌਸਰੀ ਸਟੋਰ ਦੇ ਮਾਲਕ ਸਿੱਧੂ ਭਰਾਵਾਂ ਵਿੱਚੋਂ ਹਰਜੋਤ ਸਿੱਧੂ ਨੇ ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਸਾਲ 2009 ਵਿੱਚ ਉਹਨਾਂ ਨੇ ਪਹਿਲਾ ਸਟੋਰ






ਮੈਕਨਾਈਟ ਐਲ ਆਰ ਟੀ ਲੋਕੇਸ਼ਨ ਵਾਲਾ ਖੋਲਿਆ ਸੀ ਪਰ ਭਾਈਚਾਰੇ ਦੇ ਸਹਿਯੋਗ ਸਦਕਾ ਮਿਲੀ ਸਫ਼ਤਾ ਕਾਰਣ ਉਹ ਅੱਜ ਇਹ ਪੰਜਵੀਂ ਲੋਕੇਸ਼ਨ ਖੋਲਣ ਜਾ ਰਹੇ ਹਨ ਅਤੇ ਭਵਿੱਖ ਵਿੱਚ ਜਿੱਥੇ ਜਿੱਥੇ ਸਾਡੇ ਭਾਈਚਾਰੇ ਦੀ ਵੱਸੋਂ ਵਧਦੀ ਜਾ ਰਹੀ ਹੈ ਉਹ ਉਹਨਾਂ ਇਲਾਕਿਆਂ ਵਿੱਚ ਅਗਲੇ ਦੋ ਸਾਲਾਂ ਦੌਰਾਨ ਤਿੰਨ ਹੋਰ ਨਵੀਆਂ ਲੋਕੇਸ਼ਨਾਂ ਖੋਲਣ ਦਾ ਇਰਾਦਾ ਰੱਖਦੇ ਹਨ। ਨਵੀਂ ਖੁੱਲੀ ਲੋਕੇਸ਼ਨ ਦੇ ਨਾਲ ਨਾਲ ਸਪੈਸ਼ਲ ਸੇਲ ਉਹਨਾਂ ਦੀਆਂ ਚਾਰੇ ਹੀ ਲੋਕੇਸਨਾਂ ਉੱਪਰ ਹੀ ਚੱਲ ਰਹੀ ਹੈ ।

## ਕਨੇਡਾ ਦੇ ਅਲਬਰਟਾ ਸੂਬੇ ਨੇ ਪੀਐਨਪੀ 'ਤੇ ਅਸਥਾਈ ਪਾਬੰਦੀ ਲਗਾ ਦਿੱਤੀ ਹੈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਵਿੱਚ ਹੁਣ ਪੱਕੇ ਹੋਣ ਲਈ ਅਲਬਰਟਾ ਸੂਬੇ ਨੇ ਵੀ ਆਪਣੇ ਦਰਵਾਜੇ ਬੰਦ ਕਰ ਲਏ ਹਨ। ਸੂਬੇ ਵੱਲੋਂ ਚਲਾਏ ਜਾਂਦੇ ਐਲਬਰਟਾ ਐਡਵਾਂਟੇਜ ਇੰਮੀਗ੍ਰੇਸ਼ਨ ਪਰੋਗਰਾਮ ਹੁਣ ਕੁੱਝ ਸਮੇਂ ਲਈ ਰੋਕ ਦਿੱਤਾ ਹੈ। ਜਿਸ ਨਾਲ ਇਸ ਸੂਬੇ ਵੱਲ ਆਕ੍ਰਸਿਤ ਲੋਕਾਂ ਦੀ ਭੀੜ ਹੁਣ ਘਟ ਜਾਵੇਗੀ। ਪਹਿਲਾਂ ਹੋਰਨਾਂ ਸੁਬਿਆਂ ਤੋਂ ਸੌਖੇ ਹੀ ਪੀ ਆਰ ਲੈਣ ਲਈ ਵੱਡੀ ਗਿਣਤੀ ਵਿੱਚ ਲੋਕ ਖਾਸ ਕਰ ਅੰਤਰਰਾਸਟਰੀ ਵਿਦਿਆਰਥੀ ਅਲਬਰਟਾ ਵੱਲ ਆ ਰਹੇ ਸਨ।






ਵਰਨਣਯੋਗ ਹੈ ਕਿ ਕੈਨੇਡਾ ਦੇ ਕੁੱਝ ਇਲਾਕਿਆਂ ਨੂੰ ਤੇਜੀ ਨਾਲ ਡਿਵੈਲਪ ਕਰਨ ਦੇ ਲਈ ਉਹਨਾਂ ਸੂਬਿਆਂ ਦੀ ਸਥਾਨਿਕ ਸਰਕਾਰਾਂ ਵੱਲੋਂ ,ਫੈਡਰਲ ਇੰਮੀਗਰੇਸ਼ਨ ਪ੍ਰੋਗਰਾਮਾਂ ਦੇ ਨਾਲ ਸੂਬਾਈ ਅਵਾਸ ਪ੍ਰੋਗਰਾਮ ਵੀ ਚਲਾਏ ਜਾਂਦੇ ਹਨ ,ਜਿੰਨਾਂ ਨੂੰ ਜਿਆਦਾਤਰ ਫਂਫ ਪ੍ਰੋਗਰਾਮ ਕਿਹਾ ਜਾਂਦਾ ਹੈ ।ਇਹਨਾਂ ਪ੍ਰੋਗਰਾਮਾਂ ਵਿੱਚ ਇੱਕ ਪ੍ਰੋਗਰਾਮ ਐਲਬਰਟਾ ਵਿੱਚ ਚਲਦਾ ਸੀ। ਐਲਬਰਟਾ ਐਡਵਾਂਟੇਜ ਇੰਮੀਗ੍ਰੇਸ਼ਨ ਪ੍ਰੋਗਰਾਮ (ਓਓਿਫ)ਜਿਸ ਵਿੱਚ ੀਓ ਨਾਲ ਬੰਦਾ ਬਹੁਤ ਛੇਤੀ ਪੱਕਾ ਹੋ ਜਾਂਦਾ ਸੀ ,ਹੁਣ ਉਸ ਪ੍ਰੋਗਰਾਮ ਨੂੰ ਅਲਬਰਟਾ ਸਰਕਾਰ ਨੇ ਬੰਦ ਕਰ ਦਿੱਤਾ ਹੈ।

## ਗੱਡੀਆਂ ਚੋਰੀ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ : ਟਰੂਡੋ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਗੱਡੀਆਂ ਚੋਰੀ ਕਰਨ ਦੇ ਵਧੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਵਿਚਾਰ ਵਟਾਂਦਰਾ ਕਰਨ ਵਾਸਤੇ ਰੱਖੀ ਗਈ ਸਿਖਰ ਵਾਰਤਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਗੱਡੀਆਂ ਚੋਰੀ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਆਖਿਆ ਕਿ ਕਿਸ ਤਰ੍ਹਾਂ ਕੈਨੇਡੀਅਨ ਗੱਡੀਆਂ ਘਾਨਾਂ ਤੇ ਨਾਈਜੀਰੀਆ ਵਰਗੀਆਂ ਥਾਂਵਾਂ ਉੱਤੇ ਪਹੁੰਚਾਈਆਂ ਜਾ ਰਹੀਆਂ ਹਨ। ਇੱਕ ਪਰਿਵਾਰ ਦੀ ਐਸਯੂਵੀ ਨੂੰ ਤਿੰਨ ਵਾਰੀ ਵੱਖ ਵੱਖ ਥਾਂਵਾਂ ਤੋਂ ਚੋਰੀ ਕੀਤਾ ਗਿਆ। ਉਨ੍ਹਾਂ ਆਖਿਆ ਕਿ ਦਿਨੋਂ ਦਿਨ ਸੰਗਠਿਤ ਜੁਰਮ



ਵੱਧਦਾ ਜਾ ਰਿਹਾ ਹੈ ਤੇ ਚੋਰੀ ਦੀਆਂ ਕਾਰਾਂ ਦੀ ਵਿਦੇਸ਼ਾਂ ਵਿੱਚ ਮਾਰਕਿਟ ਦਾ ਵੀ ਕਾਫੀ ਪਸਾਰ ਹੋ ਚੁੱਕਿਆ ਹੈ।ਟਰੂਡੋ ਨੇ ਸਾਬਕਾ ਕੰਜ਼ਰਵੇਟਿਵ ਸਰਕਾਰ ਉੱਤੇ ਦੋਸ਼ ਲਾਉਂਦਿਆਂ ਆਖਿਆ ਕਿ ਕੰਜ਼ਰਵੇਟਿਵਾਂ ਵੱਲੋਂ ਹੀ ਬਾਰਡਰ ਸਕਿਊਰਿਟੀ ਉੱਤੇ ਹੋਣ ਵਾਲੇ ਖਰਚੇ ਨੂੰ ਘਟਾਇਆ ਗਿਆ ਸੀ ਤੇ ਇਸੇ ਲਈ ਚੋਰੀ ਦੀਆਂ ਗੱਡੀਆਂ ਨੂੰ ਦੇਸ਼ ਤੋਂ ਬਾਹਰ ਜਾਣ ਤੋਂ ਰੋਕਣਾ ਕਾਫੀ ਮੁਸ਼ਕਲ ਹੋ ਗਿਆ ਹੈ।

ਆਪਣੇ ਮੁੱਖ ਵਿਰੋਧੀ ਪਿਏਰ ਪੌਲੀਏਵਰ ਉੱਤੇ ਵਰ੍ਹਦਿਆਂ ਟਰੂਡੋ ਨੇ ਆਖਿਆ ਕਿ ਤਰ੍ਹਾਂ ਤਰ੍ਹਾਂ ਦੇ ਨਾਅਰੇ ਲਾ ਕੇ ਗੱਡੀਆਂ ਦੀਆਂ ਚੋਰੀਆਂ ਨੂੰ ਰੋਕਿਆ ਨਹੀਂ ਜਾ ਸਕਦਾ ਤੇ ਦੋ ਮਿੰਟ ਦੇ ਯੂਟਿਊਬ ਵੀਡੀ? ਨਾਲ ਸੰਗਠਿਤ ਕ੍ਰਾਈਮ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਗੱਡੀਆਂ ਦੀਆਂ ਚੋਰੀਆਂ ਰੋਕਣ ਲਈ ਪੁਲਿਸ, ਬਾਰਡਰ ਸਰਵਿਸਿਜ਼, ਪੋਰਟ ਅਧਿਕਾਰੀਆਂ, ਕਾਰਮੇਕਰਜ਼ ਤੇ ਇੰਸ਼ੋਰੈਂਸ ਕੰਪਨੀਆਂ ਨੂੰ ਇੱਕ ਮੰਚ ਉੱਤੇ ਲਿਆਉਣਾ ਹੋਵੇਗਾ।

ਇੰਡਸਟਰੀ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਬਾਅਦ ਵਿੱਚ ਆਖਿਆ ਕਿ ਸਰਕਾਰ ਹਾਈ-ਟੈਕ ਡਿਵਾਈਸਿਜ਼ ਦੇ ਇੰਪੋਰਟ ਉੱਤੇ ਵੀ ਪਾਬੰਦੀ ਲਾਉਣ ਬਾਰੇ ਵਿਚਾਰ ਕਰ ਰਹੀ ਹੈ ਕਿਉਂਕਿ ਅਜਿਹੀਆਂ ਡਿਵਾਈਸਿਜ਼ ਕਾਰਨ ਹੀ ਇਹ ਗੈਰਕਾਨੂੰਨੀ ਟਰੇਡ ਵੱਧ-ਫੁੱਲ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਸਰਕਾਰ ਨੇ ਚੋਰੀ ਦੀਆਂ ਗੱਡੀਆਂ ਦੇ ਐਕਸਪੋਰਟ ਨੂੰ ਰੋਕਣ ਲਈ 28 ਮਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਹੈ।
































SOUTH POINT
A MASTER PLANNED COMMUNITY
70 ਏਕੜ ਵਿੱਚ ਰਿਹਾਇਸੀ ਕਮਿਓਨਿਟੀ
ਛੇਤੀ ਵਿਕ ਰਿਹਾ ਹੈ
SOLD OUT
URBAN TOWNHOMES
SOLD OUT
BACK TO BACK TOWNHOMES
ROWHOMES
MODERN SINGLE FAMILY HOMES
NO CONDO OR HOA FEES!
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
Tariq Hameed
Babir Hameed
Shamshair Tariq
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 10 No: 238 Website : www.punjabiakhbaar.ca EmailÍ: editor@punjabiakhbaar.ca Friday, 23 February 2024

# ਕੈਨੇਡਾ ਦੀ ਮਹਿੰਗਾਈ ਦਰ ਜਨਵਰੀ ਵਿੱਚ 2.9% ਉੱਪਰ ਆ ਗਈ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਨੇ ਆਪਣੀ ਜਨਵਰੀ ਦੀ ਖਪਤਕਾਰ ਕੀਮਤ ਸੂਚਕਅੰਕ ਰਿਪੋਰਟ ਜਾਰੀ ਕੀਤੀ ਹੈ। ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਪਿਛਲੇ ਮਹੀਨੇ 2.9 ਪ੍ਰਤੀਸ਼ਤ ਤੱਕ ਡਿੱਗ ਗਈ, ਜੋ ਕਿ ਭਵਿੱਖਬਾਣੀ ਕਰਨ ਵਾਲਿਆਂ ਦੁਆਰਾ ਉਮੀਦ ਤੋਂ ਵੱਧ ਕੀਮਤ ਵਾਧੇ ਵਿੱਚ ਇੱਕ ਤਿੱਖੀ ਗਿਰਾਵਟ ਨੂੰ ਦਰਸਾਉਂਦੀ ਹੈ। ਸਟੈਟਿਸਟਿਕਸ ਕੈਨੇਡਾ ਦੀ ਖਪਤਕਾਰ ਕੀਮਤ ਸੂਚਕਅੰਕ ਰਿਪੋਰਟ ਬੀਤੇ ਮੰਗਲਵਾਰ ਨੂੰ ਜਾਰੀ ਕੀਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਗਿਰਾਵਟ ਵਿੱਚ ਸਭ ਤੋਂ ਵੱਡਾ ਯੋਗਦਾਨ ਸਾਲ-ਦਰ-ਸਾਲ ਦੇ ਆਧਾਰ 'ਤੇ ਗੈਸੋਲੀਨ ਦੀਆਂ ਕੀਮਤਾਂ ਵਿੱਚ ਕਮੀ ਸੀ। ਦਸੰਬਰ 'ਚ ਸਾਲਾਨਾ ਮਹਿੰਗਾਈ ਦਰ 3.4 ਫੀਸਦੀ ਸੀ। ਮਾਹਿਰਾਂ ਅਨੁਸਾਰ ਜੇ ਅਗਲੇ ਮਹੀਨਿਆਂ ਵਿੱਚ ਵੀ ਇਸ ਤਰਾਂ ਗਿਰਾਵਟ ਜਾਰੀ ਰਹੀ ਤਾਂ ਬੈਂਕ ਦੀਆਂ ਵਿਆਜ ਦਰਾਂ ਛੇਤੀ ਘਟ ਸਕਦੀਆਂ ਹਨ।

# ਕੈਨੇਡਾ ਹੁਣ ਯੂਕਰੇਨ ਨੂੰ 800 ਡਰੋਨ ਡੋਨੇਟ ਕਰੇਗਾ : ਬਲੇਅਰ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਰੱਖਿਆ ਮੰਤਰੀ ਬਿੱਲ ਬਲੇਅਰ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਵੱਲੋਂ 800 ਡਰੋਨ ਯੂਕਰੇਨ ਨੂੰ ਡੋਨੇਟ ਕੀਤੇ ਜਾਣਗੇ। ਇਨ੍ਹਾਂ ਡਰੋਨਜ਼ ਦੀ ਕੀਮਤ ਅੰਦਾਜ਼ਨ 95 ਮਿਲੀਅਨ ਡਾਲਰ ਬਣਦੀ ਹੈ ਤੇ ਪਿਛਲੇ ਸਾਲ ਜੂਨ ਵਿੱਚ ਕੀਵ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਯੂਕਰੇਨ ਨੂੰ ਜਿਹੜਾ 500 ਮਿਲੀਅਨ ਡਾਲਰ ਦਾ ਪੈਕੇਜ ਦੇਣ ਦਾ ਵਾਅਦਾ ਕੀਤਾ ਗਿਆ ਸੀ, ਇਹ ਉਸ ਦਾ ਹੀ ਹਿੱਸਾ ਹੋਣਗੇ। ਫਰਵਰੀ 2022 ਤੋਂ ਹੀ ਕੈਨੇਡਾ, ਯੂਕਰੇਨ ਦੀ ਮੱਦਦ ਲਈ 9·7 ਬਿਲੀਅਨ ਡਾਲਰ ਖਰਚ ਕਰ ਚੁੱਕਿਆ ਹੈ। ਇਸ ਵਿੱਚ 2·4 ਬਿਲੀਅਨ ਡਾਲਰ ਦੀ ਫੌਜੀ ਮੱਦਦ ਵੀ ਸ਼ਾਮਲ ਹੈ। ਬਲੇਅਰ ਨੇ ਇੱਕ ਮੀਡੀਆ ਰਲੀਜ਼ ਵਿੱਚ ਆਖਿਆ ਕਿ ਇਨ੍ਹਾਂ ਡਰੋਨਜ਼ ਦੀ ਮੱਦਦ ਨਾਲ ਯੂਕਰੇਨ, ਰੂਸ ਖਿਲਾਫ ਆਪਣੇ ਡਿਫੈਂਸ ਨੂੰ ਹੋਰ ਮਜ਼ਬੂਤ ਕਰ ਸਕੇਗਾ। ਜਿੰਨੀ ਦੇਰ ਵੀ ਇਹ ਸੰਘਰਸ਼ ਚੱਲਦਾ ਹੈ ਕੈਨੇਡਾ, ਯੂਕਰੇਨ ਦੇ ਨਾਲ ਹੈ। ਸਕਾਇਰੇਂਜਰ ਆਰ 70 ਡਰੋਨਜ਼ ਕੈਨੇਡਾ ਵਿੱਚ ਤਿਆਰ ਕੀਤੇ ਜਾਂਦੇ ਹਨ ਤੇ ਇਨ੍ਹਾਂ ਨੂੰ ਵਾਟਰਲੂ, ?ਨਟਾਰੀ? ਸਥਿੱਤ ਕੰਪਨੀ ਤਿਆਰ ਕਰਦੀ ਹੈ। ਇਹ ਆਪਣੇ ਨਾਲ ਕਈ ਤਰ੍ਹਾਂ ਦੇ ਕੈਮਰਾ ਸਿਸਟਮਜ਼ ਨੂੰ ਲਿਜਾ ਸਕਦੇ ਹਨ ਤੇ ਟਿਕਾਣਿਆਂ ਦੀ ਪਛਾਣ ਕਰ ਸਕਦੇ ਹਨ।

B&CO BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
Immigration Law · Family Law · Real Estate · Corporate Law · Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

HK HENDERSON | NAVACORD
ਟਰਾਂਸਪੋਰਟੇਸ਼ਨ ਇੰਸ਼ੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Lori Gropp lgropp@hkhenderson.ca 306.566.4458
Cherie Shook-Pelletier cshook@hkhenderson.ca 306.584.6995
Russ Collicott rcollicott@hkhenderson.ca 306.924.3671
Leaders in Transportation Insurance, Risk and Advice

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law, Estate Planning, Corporate Commercial & Real Estate, Family Sponsorship, PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jbklawoffice.com
2-31 Broadway St. E. Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law (Appeals & Judicial Reviews) Inadmissibility, SINP Secondary Reviews, CBSA Detention Reviews, Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL 306 209 1635 homeswithnav@gmail.com
GARY SUMAN 306 620 2362 garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

Sanserwal Law Office
LEGAL & IMMIGRATION SERVICES
• REFUGEE
• BUSINESS VISA
• JUDICIAL REVIEW AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PR CASES
• FAMILY SPONSORSHIP
HARJINDER SINGH SANSERWAL
LL.M., B.A.LL.B.
BARRISTER & SOLICITOR
+1(639)-999-8552(M)
HSS.LAW17@GMAIL.COM
WWW.SANSERWALLAW.CA
1530, ANGUS STREET, REGINA, SASKATCHEWAN

GRACE OVERSEAS
IMMIGRATION SOLUTION LTD.
• SINP- PROGRAMS
• FOREIGN WORKER RECRUITMENT(LMIA)
• PR CASES
• FAMILY SPONSORSHIP
• CITIZENSHIP APPLICATION
• STUDY PERMIT+PGWP
• VISITOR+SUPER VISA
SUKHBIR SIDHU (RCIC) LL.M., B.A.LL.B.
639-999-8552
WWW.GRACECANADA.CA
GRACEIMMISERVICE@GMAIL.COM
#2010, 11TH AVENUE, 7TH FLOOR RBC BUILDING, REGINA,SK

GURU Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training.
SGI Approved
(According to new MELT Program)
Classes available in English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲ੍ਹਾ ਯਾਰਡ
• ਪਰੱਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
TEAM MEMBER OF MORTGAGE ALLIANCE
200 1965 Broad Street, Regina, SK S4P 1Y1

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
Ph: (306) 949-1235
ਇੰਡੀਆ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
To see the world come to C WORLD
IATA

# 'ਤੀਜੀ ਧਿਰ' ਨੇ ਸਾਹਿਤ ਅਕਾਦਮੀ ਲੁਧਿਆਣਾ ਦੀਆਂ ਚੋਣਾਂ ਦਾ 'ਬਿਗਲ' ਵਜਾਇਆ

## 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਸੌੜੀ ਰੀਤ ਤੋੜਨ ਦਾ ਲਿਆ ਪ੍ਰਣ




ਲੰਡਨ: (ਮਨਦੀਪ ਖੁਰਮੀਂ ਹਿੰਮਤਪੁਰਾ): ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀਆਂ 3 ਮਾਰਚ 2024 ਨੂੰ ਹੋਣ ਵਾਲੀਆਂ ਚੋਣਾਂ ਲਈ ਅੱਜ ਪੂਰੇ ਜਲੌਅ ਅਤੇ ਉਤਸ਼ਾਹ ਨਾਲ ਅਕਾਦਮੀ 'ਤੇ ਕਾਬਜ਼ ਵੱਡੇ ਧੜ੍ਹਿਆਂ ਦੀਆਂ ਉੱਤਰ ਕਾਟੋ ਮੈਂ ਚੜ੍ਹਾਂ ਦੀਆਂ ਚਾਲਬਾਜ਼ੀਆਂ ਤੋਂ ਤੰਗ ਆ ਕੇ ਸਾਹਿਤਕਾਰਾਂ ਦੀ 'ਤੀਜੀ ਧਿਰ ਨੇ ਪਹਿਲ ਕਦਮੀਂ ਕਰਦਿਆਂ ਪਹਿਲੇ ਦਿਨ ਹੀ 'ਅਜ਼ਾਦ ਉਮੀਦਵਾਰਾਂ' ਦੇ ਰੂਪ ਵਿੱਚ ਫਾਰਮ ਭਰ ਕੇ ਚੋਣਾਂ ਵਿੱਚ ਹਿੱਸਾ ਲੈਣ ਦਾ 'ਬਿਗਲ' ਵਜਾ ਦਿੱਤਾ। ਫਾਰਮ ਭਰਨ ਵਾਲਿਆਂ ਵਿੱਚ ਪ੍ਰਧਾਨ ਦੇ ਅਹੁਦੇ ਲਈ ਸ੍ਰੀਮਤੀ ਬੇਅੰਤ ਕੌਰ ਗਿੱਲ (ਮੋਗਾ), ਪ੍ਰਬੰਧਕੀ ਬੋਰਡ ਦੇ ਮੈਂਬਰ ਲਈ ਕਰਮ ਸਿੰਘ ਜ਼ਖ਼ਮੀਂ, ਸੁਖਵਿੰਦਰ ਸਿੰਘ ਲੋਟੇ, ਅਮਰਜੀਤ ਕੌਰ ਅਮਰ ਅਤੇ ਬਲਰਾਜ ਉਬਰਾਏ ਬਾਜ਼ੀ ਸ਼ਾਮਲ ਹਨ। ਫਾਰਮ ਭਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਪਰੋਕਤ ਉਮੀਦਵਾਰਾਂ ਨੇ ਕਿਹਾ ਕਿ ਸਾਹਿਤ ਅਕਾਦਮੀ ਲੁਧਿਆਣਾ ਸਮੇਤ ਸਮੂਹ ਸੰਸਥਾਵਾਂ 'ਤੇ ਕੁੱਲ ਵੀਹ-ਪੱਚੀ ਵਿਅਕਤੀ 'ਕਾਬਜ਼' ਹਨ, ਜਿੰਨ੍ਹਾਂ ਦੀ 'ਅਜ਼ਾਰੇਦਾਰੀ' ਨੂੰ ਤੋੜਨਾ ਸਮੇਂ ਦੀ ਅਤੀਅੰਤ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਉਹ ਅਕਾਦਮੀ ਦੀਆਂ ਗਤੀਵਿਧੀਆਂ ਨੂੰ ਪੰਜਾਬੀ ਭਵਨ ਦੀ ਇਮਾਰਤ ਵਿੱਚੋਂ ਕੱਢ ਕੇ ਛੋਟੇ ਤੋਂ ਛੋਟੇ ਸ਼ਹਿਰ ਅਤੇ ਪਿੰਡ ਤੱਕ ਲਿਜਾਣ ਲਈ ਵਚਨਬੱਧ ਹਨ। ਵਿਦੇਸ਼ੀ ਮੈਂਬਰਾਂ ਨੂੰ ਵੋਟ ਪਾਉਣ ਅਤੇ ਅਹੁਦੇਦਾਰ ਚੁਣੇ ਜਾਣ ਦਾ ਅਧਿਕਾਰ ਦੇਣ ਲਈ ਅਕਾਦਮੀ ਦੇ ਸੰਵਿਧਾਨ ਵਿੱਚ ਸੋਧ ਕਰਵਾਉਣੀ ਯਕੀਨੀ ਬਣਾਉਣਗੇ।

ਅਕਾਦਮੀ ਦੀ ਸਥਾਪਨਾ 1954 ਦੇ ਲੱਗਭੱਗ ਹੋਈ ਸੀ। ਉਸੇ ਸਾਲ ਇਸ ਦਾ ਸੰਵਿਧਾਨ ਲਿਖਿਆ ਗਿਆ ਸੀ। ਇਹ ਸੰਵਿਧਾਨ ਕਰੀਬ 70 ਸਾਲ ਪੁਰਾਣਾ ਹੋਣ ਕਾਰਨ ਹੁਣ ਇਹ ਸਮਾਂ ਵਿਹਾਅ ਚੁੱਕਾ ਹੈ ਅਤੇ ਇਸ ਨੂੰ ਨਵੇਂ ਸਿਰੇ ਤੋਂ ਲਿਖੇ ਜਾਣ ਦੀ ਸਖ਼ਤ ਲੋੜ ਹੈ। ਜੇ ਇਹ ਨਵੇਂ ਸਿਰੇ ਤੋਂ ਨਹੀਂ ਲਿਖਿਆ ਜਾ ਸਕਦਾ, ਤਾਂ ਇਸ ਵਿੱਚ ਵੱਡੇ ਪੱਧਰ 'ਤੇ ਸੋਧਾਂ ਹੋਣੀਆਂ ਚਾਹੀਦੀਆਂ ਹਨ। ਸੱਤਰ ਸਾਲਾਂ ਤੋਂ ਵਿਦੇਸ਼ੀ ਮੈਂਬਰਾਂ ਨਾਲ ਹੋ ਰਿਹਾ ਪੱਖਪਾਤ ਹੁਣ ਦੂਰ ਕੀਤਾ ਜਾਵੇਗਾ। ਵਿਦੇਸ਼ੀ ਸਾਹਿਤਕਾਰ ਵੱਡੀ ਗਿਣਤੀ ਵਿੱਚ ਅਕਾਦਮੀ ਦੇ ਮੈਂਬਰ ਹਨ, ਪਰ ਇੰਨ੍ਹਾਂ ਮੈਂਬਰਾਂ ਨੂੰ ਨਾ ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ, ਅਤੇ ਨਾ ਪ੍ਰਬੰਧਕੀ ਟੀਮ ਦੇ ਕਿਸੇ ਅਹੁਦੇ ਲਈ ਚੁਣੇ ਜਾਣ ਦਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਚੋਣ ਲੜ ਰਹੇ ਉਮੀਦਵਾਰਾਂ ਨੂੰ ਅਕਾਦਮੀ ਦੇ ਸਾਰੇ ਮੈਂਬਰਾਂ ਨਾਲ ਵਾਅਦਾ ਕਰਨਾ ਚਾਹੀਦਾ ਹੈ, ਕਿ ਉਹ ਇਮਾਨਦਾਰੀ ਨਾਲ ਨਿੱਜੀ ਹਿਤਾਂ ਤੋਂ ਉੱਪਰ ਉਠ ਕੇ ਲੋਕ ਸਰੋਕਾਰਾਂ ਲਈ ਕਾਰਜਸ਼ੀਲ ਰਹਿਣਗੇ। ਉਨ੍ਹਾਂ ਨੇ ਸਮੂਹ ਲੇਖਕ ਭਾਈਚਾਰੇ ਨੂੰ ਹਰ ਤਰ੍ਹਾਂ ਦੀ 'ਗੁੱਟਬੰਦੀ' ਤੋਂ ਬਾਹਰ ਨਿਕਲ ਕੇ ਵੋਟਾਂ ਪਾਉਣ ਦਾ ਸੱਦਾ ਦਿੱਤਾ। ਇਸ ਮੌਕੇ ਫਾਰਮ ਭਰਨ ਵਾਲਿਆਂ ਨਾਲ ਵੱਡੀ ਗਿਣਤੀ ਵਿੱਚ ਸਾਹਿਤਕਾਰ ਵੀ ਦੇਖੇ ਗਏ। ਉਨ੍ਹਾਂ ਵਿੱਚੋਂ ਕੁਝ ਇਹ ਕਹਿੰਦੇ ਵੀ ਸੁਣੇ ਗਏ ਕਿ ਜਿਵੇਂ ਸਿਆਸਤ ਵਿੱਚ ਭਾਈ-ਭਤੀਜਾਵਾਦ ਭਾਰੂ ਹੈ, ਉਸੇ ਤਰ੍ਹਾਂ ਇਸ ਖੇਤਰ ਵਿੱਚ ਵੀ 'ਜੱਫੇਮਾਰ' ਲੋਕ ਅਹੁਦਿਆਂ ਨੂੰ ਨਾਗਵਲ ਪਾਈ ਬੈਠੇ ਹਨ, ਜਿੰਨ੍ਹਾਂ ਦਾ ਜੱਫਾ ਅਤੇ ਨਾਗਵਲ ਤੋੜਨ ਦਾ ਹੁਣ ਸਮਾਂ ਆ ਗਿਆ ਹੈ।

# ਕੀਵੀ ਜਨਮ ਦਰ: ਹਮ 2 ਹਮਾਰੇ 1.56 ਰਹਿ ਗਏ

**2023 ਦੇ ਵਿਚ 56,955 ਬੱਚੇ ਜਨਮੇ ਅਤੇ ਮੌਤਾਂ ਦੀ ਗਿਣਤੀ ਰਹੀ 37,884**

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ) ਨਿਊਜ਼ੀਲੈਂਡ ਦੀ ਜਨਸੰਖਿਆ ਵਿਚ ਜਿੱਥੇ ਪ੍ਰਵਾਸੀਆਂ ਦੀ ਆਮਦ ਦੇ ਨਾਲ ਵਾਧਾ ਹੁੰਦਾ ਹੈ ਉਥੇ ਕੁਦਰਤੀ ਤੌਰ ਉਤੇ ਜਨਮੇ ਬੱਚਿਆਂ ਦੀ ਗਿਣਤੀ ਰਾਹੀਂ ਵੀ ਕੁੱਲ ਸੰਖਿਆ 'ਚ ਵਾਧਾ ਹੁੰਦਾ ਹੈ। ਤਾਜ਼ਾ ਅੰਕੜੇ ਦਸਦੇ ਹਨ ਕਿ ਸਾਲ 2023 ਦੇ ਵਿਚ ਪਿਛਲੇ 80 ਸਾਲਾਂ ਦੇ ਅੰਕੜਿਆਂ ਮੁਤਾਬਿਕ ਸਭ ਤੋਂ ਘੱਟ ਵਾਧਾ ਹੋਇਆ। ਸਾਲ 2023 ਦੇ ਵਿਚ ਇਥੇ 56,955 ਬੱਚਿਆਂ ਨੇ ਜਨਮ ਲਿਆ ਅਤੇ ਮੌਤਾਂ ਦੀ ਗਿਣਤੀ 37,884 ਰਹੀ। ਇਸ ਤਰ੍ਹਾਂ ਇਹ ਸ਼ੁੱਧ ਵਾਧਾ 19,071 ਦਾ ਰਿਹਾ। ਬੱਚੇ ਪੈਦਾ ਕਰਨ ਦੇ ਯੋਗ ਔਰਤਾਂ ਦੀ 15 ਤੋਂ 49 ਸਾਲ ਦੀ ਉਮਰ ਦੀ ਗਿਣਤੀ ਦੀ ਦਰ ਮੁਤਾਬਿਕ ਪ੍ਰਤੀ ਔਰਤ 1.56 ਔਸਤਨ ਬੱਚਾ ਪ੍ਰਤੀ ਔਰਤ ਆਇਆ ਹੈ। ਲਗਦਾ ਹੈ ਕਿ ਲੋਕ ਹੁਣ ਹਮ ਦੋ-ਹਮਾਰੇ ਦੋ ਵਾਲੀ ਗੱਲ ਤੋਂ ਵੀ ਪਿੱਛੇ ਹਟਣ ਲੱਗੇ ਹਨ ਜਾਂ ਫਿਰ ਦੂਜੇ ਸਰੀਰਕ ਕਾਰਨ ਵੀ ਹੋ ਸਕਦੇ ਹਨ। ਪਿਛਲੇ 20 ਸਾਲਾਂ ਦੇ ਵਿਚ ਸਭ ਤੋਂ ਘੱਟ ਬੱਚੇ 2023 ਦੇ ਵਿਚ ਪੈਦਾ ਹੋਏ। ਇਸ ਤੋਂ ਪਹਿਲਾਂ ਸੰਨ 2003 ਦੇ ਵਿਚ 56,136 ਬੱਚੇ ਪੈਦਾ ਹੋਏ ਸਨ। ਸੰਭਾਵਿਤ ਜੀਵਨ ਕਾਲ: 2021-2023 ਦੌਰਾਨ ਮੌਤ ਦਰ ਦੇ ਆਧਾਰ 'ਤੇ ਇੱਕ ਨਵਜੰਮੇ ਲੜਕੇ ਦੀ ਔਸਤਨ ਉਮਰ 80.3 ਸਾਲ ਅਤੇ ਇੱਕ ਨਵਜੰਮੀ ਕੁੜੀ ਦੀ ਉਮਰ 83.7 ਸਾਲ ਤੱਕ ਜੀਉਣ ਦੀ ਉਮੀਦ ਰੱਖੀ ਜਾ ਸਕਦੀ ਹੈ। ਇਹ ਜੀਵਨ ਸੰਭਾਵਨਾਵਾਂ 2017-2019 (80.0 ਸਾਲ ਅਤੇ 83.5 ਸਾਲ) ਨਾਲੋਂ ਥੋੜ੍ਹੀਆਂ ਵੱਧ ਹਨ, ਅਤੇ 2020-2022 (80.5 ਸਾਲ ਅਤੇ 84.0 ਸਾਲ) ਨਾਲੋਂ ਥੋੜ੍ਹੀਆਂ ਘੱਟ ਹਨ। 2022 ਵਿੱਚ ਮੌਤਾਂ ਦੀ ਰਿਕਾਰਡ ਸੰਖਿਆ ਅਤੇ ਕੋਵਿਡ -19 ਮਹਾਂਮਾਰੀ ਦੇ ਨਾਲ-ਨਾਲ ਆਬਾਦੀ ਦੇ ਵਾਧੇ ਅਤੇ ਬੁਢਾਪੇ ਨੇ ਜੀਵਨ ਦੀ ਸੰਭਾਵਨਾ ਵਿੱਚ ਵਾਧੇ ਨੂੰ ਹੇਠਾਂ ਖਿਸਕਾਇਆ ਹੈ।




ਸੰਭਾਵਿਤ ਨਿਊਜ਼ੀਲੈਂਡ ਜਨ ਸੰਖਿਆ: ਇਸ ਵੇਲੇ ਮਾਹਿਰਾਂ ਅਨੁਸਾਰ ਨਿਊਜ਼ੀਲੈਂਡ ਦੀ ਕੁੱਲ ਜਨਸੰਖਿਆ 5,305,600 ਦੇ ਕਰੀਬ (31 ਦਸੰਬਰ 2023) ਤੱਕ ਮੰਨੀ ਜਾ ਰਹੀ ਹੈ। 'ਪਾਪੂਲੇਸ਼ਨ ਕਲਾਕ' ਵੇਖੀਏ ਤਾਂ ਗਿਣਤੀ 5,322,662 ਤੋਂ ਉਪਰ ਜਾ ਰਹੀ ਹੈ। ਹਰ 9 ਮਿੰਟ ਅਤੇ 23 ਸੈਕਿੰਡ ਦੇ ਵਿਚ ਇਕ ਬੱਚਾ ਪੈਦਾ ਹੋ ਰਿਹਾ ਹੈ। 13 ਮਿੰਟ 40 ਸੈਕਿੰਡ ਦੇ ਵਿਚ ਇਕ ਮੌਤ ਦੀ ਗਿਣਤੀ ਧਿਆਨ ਵਿਚ ਆ ਰਹੀ ਹੈ। ਹੋ ਰਿਹਾ ਹੈ। ਜਨਗਣਨਾ ਦਾ ਨਤੀਜਾ 29 ਮਈ 2024 ਨੂੰ ਆਉਣ ਵਾਲਾ ਹੈ। ਇਸ ਵੇਲੇ ਅੰਦਾਜ਼ਨ 2,665,200 ਪੁਰਸ਼ ਅਤੇ 2,640,400 ਮਹਿਲਾਵਾਂ ਹਨ। ਨਿਊਜ਼ੀਲੈਂਡ ਦੀ ਜਨ ਸੰਖਿਆ ਵਿਚ 145,100 (2.8%) ਦਾ ਵਾਧਾ ਹੋਇਆ ਹੈ। ਕੁਦਰਤੀ ਤੌਰ ਉਤੇ 19,071 ਬੱਚੇ ਵਾਧੇ ਵਿਚ ਸ਼ਾਮਿਲ ਹਨ ਅਤ 126,000 ਪ੍ਰਵਾਸੀ ਸ਼ਾਮਿਲ ਹਨ।
















# ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਵਰਣਮਾਲਾ ਨੂੰ ਅਖੀਰਲਾ ਰੂਪ ਦਿੱਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 12 ਫਰਵਰੀ 2024 ਦਿਨ ਸੋਮਵਾਰ ਵੀਵੋ ਦੇ ਕਮਿਉਨਟੀ ਕੰਪਲਿਕਸ ਵਿੱਚ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਇਕੱਤਰਤਾ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਆਏ ਮੈਂਬਰਾਂ ਦਾ ਅਤੇ ਮਹਿਮਾਨ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਸਵਾਗਤ ਕੀਤਾ। ਅੱਗੋਂ ਭਾਈ ਗੁਰਦਾਸ ਜੀ ਦਾ ਸ਼ਬਦ "ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚਟੈ। ਸਪੇ ਦੁੱਧੁ ਪਿਆਲੀਐ ਵਿਹੁ ਮੁਖਹੁ ਸਟੈ ਪਲੇਅ ਕੀਤਾ ਅਤੇ ਸ਼ਬਦ ਦੀ ਵਿਆਖਿਆ ਕੀਤੀ। ਮਾਤਭਾਸ਼ਾ ਦਿਵਸ 21 ਫਰਵਰੀ ਦੁਨੀਆਂ ਭਰ ਵਿੱਚ ਮਾਤ ਭਾਸ਼ਾ ਦੇ ਦਿਨ ਵੱਜੋਂ ਜਾਣਿਆਂ ਜਾਂਦਾ ਹੈ,ਦੇ ਪਿਛੋਕੜ ਵਾਰੇ ਅਤੇ ਕੁੱਝ ਹੋਰ ਸਥਾਪਤ ਤੱਥਾਂ ਤਰੀਕਾਂ ਵਾਰੇ ਦੱਸਿਆ। ਸ਼੍ਰੀ ਗੁਰੂ ਅੰਗਦ ਜੀ ਨੇ ਪੰਜਾਬੀ ਵਰਣਮਾਲਾ ਨੂੰ ਅਖੀਰਲਾ ਰੂਪ ਦਿੱਤਾ ਅਤੇ ਏਸੇ ਅਦਾਰ ਤੇ ਇਸ ਨੂੰ ਗੁਰਮੁੱਖੀ ਲਿੱਪੀ ਵੱਜੋਂ ਜਾਣਿਆਂ ਜਾਂਦਾ ਹੈ। ਭਾਸ਼ਾਵਾਂ ਦੀ ਅਹਿਮੀਅਤ ਨੂੰ ਹਰ ਇੱਕ ਸਮਾਜ ਵਿੱਚ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ ਏਸੇ ਪੱਖ ਤੋਂ ਇਸ ਦਿਨ ਦੀ ਮਹਾਨਤਾ ਉੱਤੇ ਹੋਰ ਵੀ ਜੋਰ ਦੇਣ ਦੀ ਲੋੜ ਹੈ। ਸੁੱਖੀ ਕੁੰਡੂਹ ਨੇ ਭਸ਼ਾਵਾਂ ਦੀ ਗੱਲ ਕਰਦਿਆ ਕਿਹਾ ਦੁਨੀਆਂ ਭਰ ਦੀਆਂ ਭਾਸ਼ਾਵਾਂ ਵਿੱਚੋਂ ਸਭ ਤੋਂ ਮਿੱਠੀ ਤੇ ਪਿਆਰੀ ਬੋਲੀ ਵੱਜੋਂ ਜਾਣੀ ਜਾਂਦੀ ਬੰਗਾਲੀ ਬੋਲੀ ਹੈ। ਉਦਾਹਰਣ ਦਿੰਦਿਆ ਕੁੱਝ ਵਾਕ ਬੋਲ ਕੇ ਸੁਣਾਏ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਫਰਵਰੀ ਮਹੀਨੇ ਦੇ ਇਤਹਾਸਿਕ ਮਹੱਤਤਾ ਰੱਖਦੇ ਦਿਨਾਂ ਦਾ ਜਿਕਰ ਕਰਦਿਆਂ ਕਿਹਾ 14 ਫਰਵਰੀ ਵੈਲਿਨਟਾਈਨ ਡੇ ਜੋ ਕਿ ਤੀਸਰੀ ਸਦੀ ਦੇ ਇਕ ਰੋਮਨ ਕੈਥੋਲਿਕ ਸੰਤ ਨਾਲ ਜੁੜਿਆ ਹੋਇਆ ਹੈ। ਜਿਸ ਦਾ ਨਾਮ ਵੈਲਿਨਟਾਈ ਸੀ। ਉਹਨਾਂ ਅੰਧਵਿਸ਼ਵਾਸ਼ ਨੂੰ ਨਕਾਰਦਿਆਂ, ਤੱਥਾਂ ਨੂੰ ਵਿਚਾਰਨਾ ਤੇ ਚਿੰਤਨ ਕਰਨ ਨੂੰ ਵਿਸ਼ੇਸ਼ ਗੁਣ ਕਿਹਾ। ਹੈਰੀ ਸੇਖੋਂ ਹੋਰਾਂ ਵੀ ਏਸੇ ਸੰਦਰਭ ਵਿੱਚ ਆਪਣੇ ਵਿਚਾਰ ਪ੍ਰਗਟਾਏ। ਤੁਰਜੀਤ ਸਿੰਘ ਲਾਲੀ ਹੋਰਾਂ ਕਿਹਾ 14 ਫਰਵਰੀ ਦੇ ਮਹਾਨ ਦਿਵਸ ਨੂੰ ਅਸੀਂ ਇੱਕ ਕਾਲੇ ਦਿਨ ਵੱਜੋ ਵੀ ਜਾਣਦੇ ਹਾਂ ਜਿਸ ਦੀ ਵਜਾਹ ਦੱਸਦਿਆਂ ਕਿਹਾ ਕਿ ਇਸ ਦਿਨ ਸ: ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜਾ ਸੁਣਾਈ ਗਈ ਸੀ। ਅਤੇ ਪੁਲਵਾਮਾਂ ਦੀ ਘਟਨਾ ਵੀ 14 ਫਰਵਰੀ ਨੂੰ ਹੀ ਵਾਪਰੀ ਸੀ।

ਵਿਚਾਰਾਂ ਕਰਦਿਆ, ਹਾਜਰੀਨ ਦੇ ਮਨੋਰਮਜਨ ਲਈ ਅਤੇ ਰੋਚਿਕਤਾ ਬਣਾਈ ਰੱਖਣ ਲਈ ਗੀਤਾਂ ਕਵਿਤਾਵਾਂ ਅਤੇ ਗਜਲਾਂ ਦਾ ਦੌਰ ਵੀ ਚੱਲਦਾ ਰਿਹਾ। ਸਭ ਤੋਂ ਪਹਿਲਾਂ ਜਸਵੰਤ ਸਿੰਘ ਕਪੂਰ ਨੇ ਮਹਾਨ ਸ਼ਹੀਦ, ਚਾਰ ਬੀੜਾਂ ਦੇ ਉਤਾਰਾ ਕਰਨ ਵਾਲੇ ਮਹਾਨ ਵਿਦਵਾਨ ਬਾਬਾ ਦੀਪ ਸਿੰਘ ਜੀ ਨੂੰ ਸਮਰਪਤਿ ਕਵਿਤਾ ਪੜ੍ਹੀ।ਵਿਜੇ ਸੱਚਦੇਵਾ ਹੋਰਾਂ ਸ਼ਿਵ ਦੀ ਰਚਨਾ " ਗਮਾਂ ਦੀ ਰਾਤ ਲੰਮੀਂ ਏ ਜਾਂ ਮੇਰੇ ਗੀਤ ਲੰਮੇਂ ਨੇ " ਬਹੁਤ ਹੀ ਭਰਵੀਂ ਆਵਾਜ ਵਿੱਚ ਪੇਸ਼ ਕੀਤੀ। ਮੱਟੂ ਜੀ ਨੇ ਆਪਣੇ ਦਿਲਚਸਪੀ ਦਾ ਗੀਤ, ਡਾ: ਰਾਜਵੰਤ ਕੌਰ ਮਾਨ ਹੋਰਾਂ 'ਜਿੰਦਗੀ ਦੇ ਰੰਗ ਨੇ ਹਜਾਰ ਸਾਥੀਂ, ਇੱਕ ਰੰਗਾਂ ਵਿੱਚੋਂ ਰੰਗ ਹੈ ਪਿਆਰ ਸਾਥੀਓ' ਇਸ ਸ਼ਿਅਰ ਨਾਲ ਵੈਲਿਨਟਾਈਨ ਦੀ ਮੁਬਾਰਕਬਾਦ ਦਿੱਤੀ। ਸਰਬਜੀਤ ਸਿੰਘ ਰੰਧਾਵਾ ਨੇ ਫਿਲਮੀ ਗੀਤ 'ਯਾਦ ਮੇਂ ਤੇਰੀ ਜਾਗ ਜਾਗ ਕੇ ਹਮ ਰਾਤ ਭਰ ਕਰਵਟੇਂ ਬਦਲਤੇ ਰਹੇ ' ਖੂਬਸੂਰਤ ਕਲਾ ਦੀ ਪ੍ਰਦਰਸ਼ਨੀ ਕੀਤੀ। ਚਰਨਜੀਤ ਬਾਜਵਾ ਨੇ ਸੁਹਾਗ ਸਮੇਂ ਗਾਏ ਜਾਂਦੇ ਗੀਤ ' ਧੀਆਂ ਨੂੰ ਸੁਹਰੇ ਤੋਰ ਕੇ ਮਾਂਏ ਤੇਰਾ ਕੇਹਾ ਕੁ ਲੱਗਦਾ ਜੀ ਨੀ " ਹਰਕੰਵਲਜੀਤ ਕੌਰ ਧਾਲੀਵਾਲ ਨੇ ਲੋਕ ਗੀਤ " ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ। ਯੱਕਾ ਨਾ ਕੋਈ ਭਾੜੇ ਕੀਤਾ ਮਾਹੀ ਪੈਦਲ ਲੈ ਗਿਆ "। ਬਹੁਤ ਹੀ ਪਿਆਰੀ ਅਵਾਜ ਨਾਲ ਵਾਹ ਵਾਹ ਖੱਟੀ। ਬਲਜੀਤ ਬਵੇਜਾ ਨੇ ਪੁਰਸ਼ਾ ਦੀ ਪ੍ਰਵਾਰਾਂ ਪ੍ਰਤੀ ਸੁਹਿਰਦਤਾ ਨੂੰ ਕਵਿਤਾ ਵਿੱਚ ਸਹਿਰਾਇਆ ਤੇ ਕਿਹਾ ਵੱਡੀ ਤੋਂ ਵੱਡੀ ਮੁਸ਼ਕਲ ਨਾਲ ਮਰਦ ਹੀ ਮੱਥਾ ਲਾਉਂਦੇ ਹਨ 'ਯੇਹ ਪੁਰਸ਼ ਹੈ, ਮਾਨਾ ਕਿ ਇਨ ਕੀ ਆਖੋਂ ਮੇਂ ਨਮੀ ਨਹੀਂ ਹੈ ਪਰ ਇਨ ਕੇ ਦਿਲ ਮੇਂ ਪਿਆ ਖ਼ੂਨਰ ਕੀ ਕਮੀਂ ਨਹੀਂ ਹੈ। ਏਸੇ ਦੌਰ ਵਿੱਚ ਸੁਰਿੰਦਰ ਕਾਲੀਆ, ਮਨਮੋਹਨ ਸਿੰਘ ਬਾਠ ਜੋ ਕਿ ਸਭਾ ਦੇ ਬਹੁਤ ਹੀ ਸਤਿਕਾਰ ਯੋਗ ਮੈਂਬਰਾਂ ਹਨ ਨੇ ਆਪਣੀ ਕਲਾ ਦੀ ਸੁਰੀਲੀ ਅਵਾਜ ਵਿਚ ਪ੍ਰਦਰਸ਼ਨੀ ਕੀਤੀ। ਅੰਤ ਵਿੱਚ ਵੱਡੀ ਗਿਣਤੀ ਵਾਲੀ ਸੰਸਥਾ ਦੇ ਮੈਂਬਰਾਂ ਨੇ ਸ਼ੁਰੂ ਵਿੱਚ ਚਾਹ ਤੇ ਸਨੈਕ ਤੋਂ ਉਪਰੰਤ ਖਾਣੇ ਦਾ ਅਨੰਦ ਮਾਣਿਆ।

## ਹੱਕ ਖੋਹਣ ਵਾਲੇ

ਜੜ੍ਹ ਪੁੱਟ ਦਿਆਂਗੇ ਹੱਕ ਖੋਹਣ ਵਾਲੀਆਂ ਜੋਕਾਂ ਦੀ,
ਖਾਲੀ ਚੁੰਝ ਹੈ ਤਾਂ ਫਿਰ ਭਰਨੀ ਮਿਹਨਤਕਸ਼ ਲੋਕਾਂ ਦੀ।
ਮੌਜਾਂ ਬੋਹਲ ਦੀਆਂ ਲੁੱਟਣ,ਜਿਹਨਾਂ ਨਹੀਂ ਬੀਜੀ ਵੱਡੀ,
ਦਿਨ ਦੂਰ ਨਹੀਂ ਜਦ ਭਾਜ ਹੈ ਪੈਣੀ ਸ਼ੋਸ਼ਿਤ ਲੋਕਾਂ ਦੀ।
ਸਾਵਾਂ ਮੁੱਲ ਹਰਗਿਜ਼ ਲੈਣਾਂ ਆਪਣੇ ਡੁੱਲ੍ਹੇ ਮੁੜਕੇ ਦਾ,
ਇਹ ਗੱਲ ਹੋਣ ਨਹੀਂ ਦੇਣੀ ਜੋ ਗੱਲ ਹੱਕ ਦੇ ਰੋਕਾਂ ਦੀ।
ਲੋਕਾਂ ਦੇ ਰੋਹ ਦਾ ਤਪ-ਤੇਜ਼ ਫੁੱਟ ਹੈ ਪੈਣਾ ਇੱਕ ਦਿਨ,
ਦਿੱਲੀ ਦੀ ਹੇਜ ਨੇ ਸਾਰ ਹੈ ਭੁੱਲੀ ਜਿਹੜੀ ਲੋਕਾਂ ਦੀ।
ਪ੍ਰੇਮ ਮੁਹੱਬਤ ਵਿੱਚ ਪਾ ਫੁੱਟ ਹਨਗੇ ਫੈਲਾਵਣ ਵਾਲੇ,
ਗੱਡ ਕਿੱਲ ਦਿਆਂਗੇ ਅਮਨ ਸਾਂਤੀ ਵਾਲੀਆਂ ਕੋਕਾਂ ਦੀ।
ਖੂਨ ਡੁੱਲੇ ਕਾਮੇਂ ਦਾ ਦਾਨ ਪੁੰਨ ਤੀਰਥਾਂ ਦਾ ਲੈਂਦੇ,
ਮਸਜਿਦ ਮੰਦਿਰਾਂ ਦੀ ਛਾਂ ਹੇਠ ਨਾ ਗੌਰ ਕਰਨ ਲੋਕਾਂ ਦੀ।
ਰਾਜੇ ਤੇ ਜ਼ਰਵਾਣੇ ਕਿਰਤੀ ਮਾਖਿਓਂ ਚੋਈ ਜਾਂਦੇ,
ਲੋੜ ਹੈ ਸੀਖਾਂ ਦੇ ਅੰਦਰ ਅਜਿਹੇ ਭੁੱਖੜ ਲੋਕਾਂ ਦੀ।
ਕਿਰਤੀ ਨੂੰ ਆਖ ਰੰਗਰੇਟਾ ਸਤਿਕਾਰ ਗੁਰਾਂ ਨੇ ਦਿੱਤਾ,
ਕਿਰਤੀ ਹੈ ਜਦ ਰੱਖ! ਸ਼ਕਤੀ ਮਿਲੇ ਗੁਰੂ ਦੀਆਂ ਹੋਕਾਂ ਦੀ।
ਜਗੈਤ ਦਿੱਲੀ ਦੂਰ ਨਹੀਂ ਵਾਰ ਕਲਮ ਦਾ ਤੇਜ਼ ਕਰੋ,
ਫੂਕ ਨਿਕਲਦੀ ਜਾਂਦੀ ਸਰਕਾਰੀ ਵਾਅਦਿਆਂ ਫੋਕਿਆਂ ਦੀ



ਜਸਵੰਤ ਸਿੰਘ ਜਗੈਤ ਕੈਲਗਰੀ (825 431 7703 )

### ਸੀਰਤ ਤੇ ਸੁੰਦਰਤਾ ਦੇ ਵਿਸ਼ਾਲ ਨਕਸ਼ੇ ’ਤੇ ਕੀਵੀ ਪੰਜਾਬੀ ਨੈਣ ਨਕਸ਼

# ਨਵਜੋਤ ਕੌਰ ਵਿਸ਼ਵ ਸੁੰਦਰੀ ਮੁਕਾਬਲੇ ਲਈ ਭਾਰਤ ਪਹੁੰਚੀ-ਅੰਤਿਮ ਮੁਕਾਬਲਾ 9 ਮਾਰਚ ਨੂੰ






ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ ) ਨਿਊਜ਼ੀਲੈਂਡ ਦੀ ਧਰਤੀ ਉਤੇ ਪੰਜਾਬੀਆਂ ਨੇ ਪਹਿਲੀ ਵਾਰ 1890 ਦੇ ਵਿਚ ਪੈਰ ਧਰੇ ਸਨ ਅਤੇ ਹੁਣ ਵਰਤਾਰਾ ਇਹ ਹੈ ਕਿ ਇਥੇ ਵਸੇ ਪੰਜਾਬੀ ਨਿਊਜ਼ੀਲੈਂਡ ਦੇ ਪੈਰ ਭਾਰਤ ਦੀ ਧਰਤੀ ਉਤੇ ਧਰ ਕੇ ਦੇਸ਼ ਦੀ ਨੁਮਾਇੰਦਗੀ ਕਰਨ ਲੱਗੇ ਹਨ। ਭਾਰਤੀਆਂ ਖਾਸ ਕਰ ਪੰਜਾਬੀਆਂ ਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੋਵੇਗੀ ਕਿ ਸਿੱਖ ਪਰਿਵਾਰ ਦੀ ਇਕ 27 ਸਾਲਾ ਕੁੜੀ ਨਵਜੋਤ ਕੋਰ ਇਸ ਵਾਰ ਨਿਊਜ਼ੀਲੈਂਡ ਦੀ ਪ੍ਰਤੀਨਿਧਤਾ ਵਿਸ਼ਵ ਸੁੰਦਰੀ ਮੁਕਾਬਲੇ (ਮਿਸ ਵਰਲਡ 2023) ਦੇ ਵਿਚ ਕਰ ਰਹੀ ਹੈ। ਨਿਊਜ਼ੀਲੈਂਡ ਭਾਵੇਂ ਕਈ ਵਾਰ ਟਾਪ-7 ਦੇ ਵਿਚ ਅਤੇ ਦੋ ਵਾਰ ਉਪ ਜੇਤੂ (1963 ਅਤੇ 1997) ਜ਼ਰੂਰ ਰਿਹਾ ਹੈ। ਵਰਨਣਯੋਗ ਰਹੇਗਾ ਕਿ 1997 ਦੇ ਵਿਚ ਭਾਰਤੀ ਕੁੜੀ ਡਿਆਨਾ ਹੈਡਨ ਵਿਸ਼ਵ ਸ਼ੁੰਦਰੀ ਬਣੀ ਸੀ ਤੇ ਨਿਊਜ਼ੀਲੈਂਡ ਦੀ ਲਾਉਰਲੀ ਮਾਰਟੀਨੋਵਿਚ ਉਪ ਜੇਤੂ ਰਹੀ ਸੀ। ਕਰੋਨਾ ਦੇ ਚਲਦਿਆਂ ਇਹ ਵਿਸ਼ਵ ਸੁੰਦਰੀ ਮੁਕਾਬਲਾ 2022 ਦੇ ਵਿਚ ਨਹੀਂ ਹੋਇਆ ਸੀ ਅਤੇ ਇਸ ਵਾਰ 2023 ਦੇ ਮੁਕਾਬਲੇ ਵਿਚ ਨਿਊਜ਼ੀਲੈਂਡ ਦੀ ਦਾਅਵੇਦਾਰੀ ਪੰਜਾਬੀ ਕੁੜੀ ਨਵਜੋਤ ਕੌਰ ਪੂਰੇ ਜੋਸ਼ ਨਾਲ ਕਰ ਰਹੀ ਹੈ।

ਵਿਸ਼ਵ ਸੁੰਦਰਤਾ ਦੇ ਨਕਸ਼ੇ ਉਤੇ ਕੀਵੀ ਪੰਜਾਬੀ ਨੈਣ-ਨਕਸ਼ ਆਪਣੀ ਸੁੰਦਰਤਾ ਅਤੇ ਸਿਆਣਪ ਦੀ ਸੂਝ-ਬੂਝ ਦੇ ਨਾਲ ਦੇਸ਼ ਦੀ ਸ਼ਾਨ ਵਧਾਉਣਗੇ।

ਕੌਣ ਹੈ ਨਵਜੋਤ ਕੌਰ ?: ਜਲੰਧਰ ਦੇ ਨਾਲ ਸਬੰਧ ਰੱਖਦਾ ਇਹ ਪਰਿਵਾਰ 1990 ਦੇ ਦਹਾਕੇ ਦੇ ਅੱਧ ਵਿਚ ਨਿਊਜ਼ੀਲੈਂਡ ਆ ਵਸਿਆ ਸੀ। ਬੱਚਿਆਂ ਦੀ ਪਰਵਰਿਸ਼ ਇਸਦੀ ਮਾਂ ਦੇ ਹਿੱਸੇ ਆਈ। ਆਰਥਿਕ ਹਲਾਤਾਂ ਦੇ ਚਲਦਿਆਂ ਮੈਨੁਰੇਵਾ ਟਾਊਨ ਦੇ ਵਿਚ ਸਰਕਾਰੀ ਘਰ ਦੇ ਵਿਚ ਗੁਜ਼ਾਰਿਆ। ਉਚ ਪੜ੍ਹਾਈ ਤੋਂ ਬਾਅਦ ਇਸ ਕੁੜੀ ਨੇ ਪਹਿਲਾਂ ਪੁਲਿਸ ਦੇ ਵਿਚ (2019) ਨੌਕਰੀ ਕੀਤੀ। ਦੋ ਸਾਲ ਕਾਨੂੰਨ ਵਿਵਸਥਾ ਦਾ ਪਾਲਣ ਕਰਦਿਆਂ ਅਤੇ ਪਾਲਣ ਕਰਵਾਉਂਦਿਆਂ ਆਪਣੇ ਹੌਂਸਲੇ ਹੋਰ ਬੁਲੰਦ ਕੀਤੇ ਅਤੇ ਫਿਰ ਨੌਕਰੀ ਛੱਡ ਹੋਰ ਉਚੀ ਉਡਾਉਣ ਭਰਨ ਦੇ ਲਈ ਆਪਣੇ ਖੰਬਾਂ ਨੂੰ ਹੋਰ ਮਜ਼ਬੂਤ ਕੀਤਾ। ਪੁਲਿਸ ਦੇ ਵਿਚ ਫਰੰਟ ਲਾਈਨ ਅਫਸਰ ਹੁੰਦਿਆ ਇਸਨੇ ਅਪਰਾਧਿਕ ਮਾਲਿਆਂ ਦੇ ਬਹੁਤ ਸਾਰੇ ਪੀੜਤ ਲੋਕਾਂ ਨੂੰ ਵੇਖਿਆ, ਬੱਚਿਆਂ ਨੂੰ ਵੇਖਿਆ, ਪਰਿਵਾਰ ਕੁਰਲਾਉਂਦੇ ਵੇਖੇ ਅਤੇ ਇਕ ਆਤਮ ਹੱਤਿਆ ਦੇ ਕੇਸ ਨੇ ਇਸ ਦਾ ਮਨ ਪਸੀਜ ਦਿੱਤਾ ਅਤੇ ਨੌਕਰੀ ਛੱਡ ਦਿੱਤੀ। ਇਸ ਉਪਰੰਤ ਉਸਨੇ ਨਿੱਜੀ ਟ੍ਰੇਨਿੰਗ ਹਾਸਿਲ ਕੀਤੀ ਅਤੇ ਰੁਜ਼ਗਾਰ ਦੇ ਲਈ ਉਸਨੇ ਰੀਅਲ ਇਸਟੇਟ ਦਾ ਕਿੱਤਾ ਚੁਣਿਆ ਪਰ ਆਪਣੇ ਸੁਪਨਿਆਂ ਨੂੰ ਰੀਅਲ ਦੇ ਵਿਚ ਪੂਰਾ ਕਰਨ ਦੇ ਲਈ ਕਦੇ ਅਵੇਸਲਾਪਣ ਨਹੀਂ ਵਿਖਾਇਆ। ਇਸਦੀ ਛੋਟੀ ਭੈਣ ਈਸ਼ਾ ਕੌਰ ਜੋ ਇਸਦੇ ਨਾਲ ਹੀ ਕੰਮ ਕਰਦੀ ਹੈ, ਵੀ ਅਕਸਰ ਅਜਿਹੇ ਮੁਕਾਬਲਿਆਂ ਵਿਚ ਭਾਗ ਲੈਂਦੀ ਹੈ ਅਤੇ ਦੋਵੇਂ ਭੈਣਾਂ ਜ਼ਿੰਦਗੀ ’ਚ ਅੱਗੇ ਵਧਣ ਦੇ ਜ਼ਜਬੇ ਨੂੰ ਸਮਰਪਿਤ ਰਹਿੰਦੀਆਂ ਹਨ। ਨਵਜੋਤ ਕੌਰ ਅਨੁਸਾਰ ਵਿਸ਼ਵ ਸੁੰਦਰੀ ਮੁਕਾਬਲਾ ਸਿਰਫ ਸੁੰਦਰਤਾ ਤੱਕ ਸੀਮਤ ਨਹੀਂ ਹੈ, ਇਹ ਭਾਈਚਾਰਕ ਸ਼ਮੂਲੀਅਤ ਵਾਲੇ ਉਪਕਾਰਾਂ ਦੇ ਵਿਚ ਸ਼ਾਮਿਲ ਹੋਣਾ ਵੀ ਹੁੰਦਾ ਹੈ। ਕਈ ਵਾਰ ਤੈਰਾਕੀ ਵਾਲੇ ਕੱਪੜਿਆਂ ਨੂੰ ਲੈ ਕੇ ਸੁੰਦਰਤਾ ਮੁਕਾਬਲਿਆਂ ਦੀ ਆਲੋਚਨਾ ਹੋਈ ਹੈ, ਪਰ ਹੁਣ ਮਿਸ ਵਰਲਡ ਦੇ ਵਿਚ ਇਹ ਰਾਊਂਡ ਸ਼ਾਮਿਲ ਨਹੀਂ ਹੈ। ਮਿਸ ਵਰਲਡ ਸੁੰਦਰਤਾ ਮੁਕਾਬਲਾ ਹੁਣ ਤੱਕ 2.06 ਬਿਲੀਅਨ ਡਾਲਰ ਬੱਚਿਆਂ ਦੀ ਭਲਾਈ ਲਈ ਇਕੱਤਰ ਕਰ ਚੁੱਕਾ ਹੈ। ਨਵਜੌਤ ਕੌਰ ਮਾਓਰੀ ਨ੍ਰਿਤ ‘ਪੋਇ’ ਅਤੇ ਪੰਜਾਬ ਦਾ ਲੋਕ ਨ੍ਰਿਤ ਭੰਗੜਾ-ਗਿੱਧਾ ਵੀ ਕਰ ਲੈਂਦੀ ਹੈ। ਉਹ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵੀ ਚੰਗੀ ਤਰ੍ਹਾਂ ਜਾਣਦੀ ਹੈ। ਉਹ ਦਸਦੀ ਹੈ ਕਿ ਨਿਊਜ਼ੀਲੈਂਡ ਨੇ 1983 ਦੇ ਵਿਚ ਮਿਸ ਯੂਨੀਵਰਸ (ਮਿਸ ਲੌਰੀਨ ਡੌਨਰਜ਼) ਦਾ ਖਿਤਾਬ ਜਿੱਤਿਆ ਸੀ ਅਤੇ ਦੇਸ਼ ਹੁਣ ਫਿਰ ਇਸ ਵੱਡੇ ਸੁੰਦਰਤਾ ਤਾਜ (ਕਰਾਊਨ) ਦੀ ਉਡੀਕ ਵਿਚ ਹੈ। ਉਸਨੂੰ ਆਸ ਹੈ ਕਿ ਉਹ ਦੇਸ਼ ਦਾ ਅਤੇ ਆਪਣੀ ਕਮਿਊਨਿਟੀ ਦਾ ਨਾਂਅ ਰੌਸ਼ਨ ਕਰੇਗੀ। ਸਮੂਹ ਭਾਰਤੀ ਭਾਈਚਾਰੇ ਵੱਲੋਂ ਉਸਦੀ ਸਫਲਤਾ ਦੀ ਕਾਮਨਾ ਕਰਦੇ ਹਾਂ। ਅੰਤਿਮ ਸੁੰਦਰਤਾ ਮੁਕਾਬਲਾ 9 ਮਾਰਚ ਨੂੰ ਮੁੰਬਈ ਵਿਖੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਖੇ ਹੋ ਰਿਹਾ ਹੈ।

# ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮਾਂ-ਬੋਲੀ ਦਿਵਸ ਅਤੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਰਹੀ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਜ਼ ਸੈਂਟਰ ਵਿੱਚ ਪੂਰੇ ਜੋਸ਼ੋ-ਖਰੋਸ਼ ਨਾਲ ਹੋਈ।ਇਸ ਵਿੱਚ ਨਵੇਂ ਸਾਲ ਦੇ ਸਬੰਧ ਵਿੱਚ ਭੈਣਾਂ ਨੇ ਗੀਤਾਂ,ਕਵਿਤਾਵਾਂ ਅਤੇ ਆਪਣੇ ਵਿਚਾਰਾਂ ਨਾਲ ਨਵੇਂ ਸਾਲ ਨੂੰ ਜੀ ਆਇਆਂ ਕਿਹਾ। ਫਰਵਰੀ ਮਹੀਨੇ ਦੀ ਮੀਟਿੰਗ ਦਾ ਅਗਾਜ਼ ਕਰਦਿਆਂ ਸਭਾ ਦੀ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਜੀ ਸਭਾ ਦੇ ਉਦੇਸ਼ਾਂ ਅਤੇ ਕਾਰਜਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਇਸ ਮਹੀਨੇ 21 ਫਰਵਰੀ ਨੂੰ ਮਾਂ-ਬੋਲੀ ਦਿਵਸ ਬਾਰੇ ਵਿਚਾਰ ਸਾਂਝੇ ਕੀਤੇ। ਇਸੇ ਦਿਨ ਨਾਲ ਸਬੰਧਤ ਇਤਿਹਾਸਕ ਦੁਖਾਂਤ ‘ਸਾਕਾ ਨਨਕਾਣਾ ਸਾਹਿਬ’ ਦੇ ਸ਼ਹੀਦਾਂ ਦੀ ਯਾਦ ਤਾਜ਼ਾ ਕੀਤੀ ਅਤੇ 14 ਫਰਵਰੀ ਵਾਲੇ ਦਿਨ ਪੁਲਵਾਮਾ ਵਿਖੇ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਜੀ ਨੇ ਦੱਸਿਆ ਕਿ ਇਹ ਸਭਾ ਇੱਕ ਉਸ ਮੋਢੇ ਵਾਂਗ ਧਰਵਾਸ ਦਿੰਦੀ ਹੈ ਜਿਸ ਤੇ ਸਿਰ ਰੱਖ ਕੇ ਆਪਣਾ ਅੰਦਰ ਫਰੋਲਿਆ ਜਾ ਸਕਦਾ ਹੈ। ਕਈ ਭੈਣਾਂ ਨੇ ਇਸ ਗੱਲ ਦੀ ਹਾਮੀ ਭਰੀ ਕਿ ਉਨ੍ਹਾਂ ਨੇ ਇਸ ਸਭਾ ਦੇ ਮੈਂਬਰਾਂ ਨਾਲ ਦੁੱਖ ਸਾਂਝੇ ਕਰਕੇ ਹੌਲੇ ਫੁੱਲ ਹੋ ਕੇ ਕਈ ਮਾਨਸਿਕ ਉਲਝਣਾਂ ਤੋਂ ਛੁਟਕਾਰਾ ਪਾਇਆ ਹੈ। ਨਵੇਂ ਸਾਲ ਵਿੱਚ ਕਈ ਨਵੀਆਂ ਭੈਣਾਂ ਮੈਂਬਰ ਬਣੀਆਂ ਜਿਨ੍ਹਾਂ ਵਿੱਚ ਹਰਪ੍ਰੀਤ ਕੌਰ, ਸੋਨੀ ਮਾਂਗਟ, ਜਤਿੰਦਰ ਕੌਰ ਬੇਦੀ, ਹਰਜੀਤ ਕੌਰ ਵਿਰਦੀ, ਕੁਲਦੀਪ ਕੌਰ ਗਿੱਲ, ਗੁਰਨਾਮ ਕੌਰ, ਬਲਵੀਰ ਕੌਰ ਗਰੇਵਾਲ ਅਤੇ ਗਿਆਨ ਕੌਰ ਸ਼ਾਮਲ ਹਨ।ਸਭ ਤੋਂ ਪਹਿਲਾਂ ਨਵੀਂ ਬਣੀ ਮੈਂਬਰ ਬਲਵੀਰ ਕੌਰ ਗਰੇਵਾਲ ਨੇ ਅੱਜ ਤੋਂ 44 ਸਾਲ ਪਹਿਲਾਂ ਕਨੇਡਾ ਵਿੱਚ ਪੈਰ ਧਰਨ ਅਤੇ ਇਮੀਗ੍ਰੇਂਟ ਵਿਬਭਾਗ ਨਾਲ ਹੋਏ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਲੋਕ ਗੀਤ ਸੁਣਾਇਆ। ਅਮਰਪਾਲ ਕੌਰ ਨੇ ਆਪਣੀ ਜਾਣ ਪਛਾਣ ਕਰਵਾਈ। ਕੁਲਦੀਪ ਕੌਰ ਘਟੌੜਾ ਨੇ ਬਲਵਿੰਦਰ ਬਰਾੜ ਅਤੇ ਗੁਰਚਰਨ ਥਿੰਦ ਦੀ ਲੇਖਣੀ ਬਾਰੇ ਸਾਂਝ ਪਾਈ ਅਤੇ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਗੁਰਚਰਨ ਥਿੰਦ ਭੈਣ ਜੀ ਦੀਆਂ ਕੁੱਝ ਬਹੁਤ ਹੀ ਭਾਵਪੂਰਤ ਕਹਾਣੀਆਂ ਦੀ ਸ਼ਲਾਘਾ ਅਤੇ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਨੂੰ ਫੁਲਕਾਰੀ ਅਤੇ ਪਰਸ ਦੇ ਕੇ ਸਨਮਾਨਿਤ ਕੀਤਾ। ਰਿਮੀ ਸੇਖੋਂ ਵੱਲੋਂ ‘ਦਾ ਈਸੈਂਸ ਆਫ ਇੰਡੀਆ’ ਨਾਂ ਦੇ ਪ੍ਰੋਗਰਾਮ ਹੇਠ ਭਾਰਤ ਭਰ ਦੇ ਵਿਰਾਸਤੀ ਸੱਭਿਆਚਰਕ ਗੀਤਾਂ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਵਿੱਚ ਸਭਾ ਦੀਆਂ ਮੈਂਬਰਾਂ, ਸੁਰਿੰਦਰ ਸੰਧੂ, ਅਮਰਜੀਤ ਸੱਗੂ, ਅਮਰਜੀਤ ਗਰੇਵਾਲ, ਜੋਗਿੰਦਰ ਪੁਰਬਾ ਅਤੇ ਅਮਰਜੀਤ ਵਿਰਦੀ ਨੇ ਭਾਗ ਲਿਆ ਸੀ।ਰਿਮੀ ਸੇਖੋਂ ਅਤੇ ਸਭਾ ਵੱਲੋਂ ਉਨ੍ਹਾਂ ਨੂੰ ਸਰਟੀਫੀਕੇਟ ਦਿੱਤੇ ਗਏ।ਸੁਰਿੰਦਰ ਸੰਧੂ, ਅਮਰਜੀਤ ਵਿਰਦੀ ਤੇ ਸਰਬਜੀਤ ਉੱਪਲ ਨੇ ਲੋਕ ਗੀਤ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਸ਼ਰਨਜੀਤ ਕੌਰ ਅਤੇ ਗਿਆਨ ਕੌਰ ਨੇ ਬੋਲੀਆਂ ਪਾ ਕੇ ਕੁੱਝ ਦੇਰ ਲਈ ਨੱਚਣ ਦੀ ਮਹਿਫ਼ਲ ਸਜਾ ਦਿੱਤੀ।ਅੰਤ ਵਿੱਚ ਗੁਰਚਰਨ ਥਿੰਦ ਨੇ ਜਾਣਕਾਰੀ ਸਾਂਝੀ ਕੀਤੀ ਕਿ ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਨੌਜੁਆਨ ਵਰਗ ਨੂੰ ਆਪਣੀ ਸਭਾ ਰਾਹੀਂ ਆਪਣੀ ਕਮਿਊਨਿਟੀ ਨਾਲ ਜੋੜਨ ਹਿੱਤ ‘ਯੂਥ ਸਪੀਕਸ’ ਨਾਂ ਦਾ ਗਰੁੱਪ ਸਥਾਪਤ ਕਰ ਰਹੀ ਹੈ। ਉਨ੍ਹਾਂ ਸਭ ਨੂੰ ਆਪਣੇ ਪਰਿਵਾਰ ਦੇ ਨੌਜੁਆਨ ਬੱਚਿਆਂ ਨੂੰ ਇਸ ਗਰੁੱਪ ਵਿੱਚ ਸ਼ਾਮਲ ਕਰਾਉਣ ਦੀ ਤਾਕੀਦ ਕੀਤੀ।





ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8




Ambleton
A Qualico Community

ਟਾਊਨਹੋਮ
FROM THE HIGTHE HIGH
$400s

ਲੇਨਡ ਹੋਮ
FROM THE MID
$500s

ਫਰੰਟ ਗੈਰਾਜ
FROM THE MID
$700s

ਆਪਣੇ ਸੁਪਨਿਆਂ ਦਾ ਘਰ
ਇਹਨਾਂ ਐਵਾਰਡ ਜੇਤੂ ਬਿਲਡਰਾਂ ਵਿੱਚੋਂ
ਕਿਸੇ ਇੱਕ ਕੋਲੋਂ ਬਣਵਾਓ

- Shane Homes
- Trico Homes
- Sterling Homes
- Broadview Homes
- StreetSide Developments
- Jayman BUILT

Enjoy the little things.

7.3km ਲੰਮਾਂ ਪਾਥਵੇਅ
5 ਪਾਰਕ
ਹਾਈ ਸਕੂਲ ਭਵਿੱਖੀ ਯੋਜਨਾ

ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਦੀ ਪੜਚੋਲ ਕਰਨਾ ਆਸਾਨ ਬਣਾਉਂਦੇ ਹਨ। ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ,
**ਐਂਬਲਟਨ ਕੋਲ ਉਹ ਸਭ ਕੁਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।**

Visit **liveinambleton.com**

WE CREATE LEGACY COMMUNITIES THAT **INSPIRE PRIDE**, **ENRICH LIVES** AND **ENDURE IN VALUE**.
QUALICO® communities

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

# ਪਰਿਵਾਰਕ ਰਿਸ਼ਤਿਆਂ ਦੀ ਮਨੋਰੰਜਨ ਭਰਪੂਰ ਫ਼ਿਲਮ 'ਵੇਖੀ ਜਾ ਛੇੜੀ ਨਾ



ਕਰਮਜੀਤ ਅਨਮੋਲ ਇੱਕ ਸੁਰੀਲੇ ਗਾ ਇੱਕ ਦੇ ਨਾਲ ਨਾਲ ਪੰਜਾਬੀ ਫ਼ਿਲਮਾਂ ਦਾ ਸਿਰਮੌਰ ਕਾਮੇਡੀਅਨ ਅਦਾਕਾਰ ਹੈ। ਉਹ ਲੰਮੇ ਸਮੇਂ ਤੋਂ ਫਿਲਮਾਂ ਵਿੱਚ ਕੀਤੀ ਜਾਂਦੀ ਸਫ਼ਲ ਕਾਮੇਡੀ ਸਦਕਾ ਦਰਸ਼ਕਾਂ ਦਾ ਦਿਲ ਜਿੱਤਦਾ ਆ ਰਿਹਾ ਹੈ। ਇੰਨੀ ਦਿਨੀਂ ਆਪਣੀ ਇੱਕ ਨਵੀਂ ਫ਼ਿਲਮ ਵੇਖੀ ਜਾ ਛੇੜੀ ਨਾ ਲੈ ਕੇ ਆ ਰਿਹਾ ਹੈ। ਉਸਦੀ ਇਸ ਫ਼ਿਲਮ ਵਿੱਚ ਵੀ ਕਮਾਲ ਦੀ ਕਾਮੇਡੀ ਹੋਵੇਗੀ। ਇਸ ਫ਼ਿਲਮ ਦਾ ਲੇਖਕ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਹੈ ਜਿਸਨੇ ਆਪਣੀਆ ਮੁੱਢਲੀਆ ਫ਼ਿਲਮਾਂ 'ਕੁੜਮਾਈਆ, ਵਿੱਚ ਬੋਲੂਗਾ ਤੇਰੇ, ਤੂੰ ਮੇਰਾ ਕੀ ਲੱਗਦਾ' ਝੱਲੇ ਪੈ ਗਏ ਪੱਲੇ, ਤੇ 'ਜੱਟਸ ਲੈਂਡ' ਆਦਿ ਨਾਲ ਪੰਜਾਬੀ ਸਿਨਮੇ ਨੂੰ ਪ੍ਰਫੁੱਲਤ ਕੀਤਾ। ਪੰਜਾਬੀ ਸਿਨਮੇ ਦੇ ਹਰਫਨਮੌਲਾ ਕਲਾਕਾਰ ਗੁਰਮੀਤ ਸਾਜਨ ਉਸਦਾ ਪੱਗਵਟ ਯਾਰ ਹੈ ਜਿਸਦੀ ਬਦੌਲਤ ਟੋਨੀ ਦੀ ਕਲਾ ਚ ਨਿਖਾਰ ਆਇਆ। ਦਰਜਨਾਂ ਲਘੂ ਫ਼ਿਲਮਾਂ ਕਰਨ ਮਗਰੋਂ ਵੱਡੀਆ ਫ਼ਿਲਮਾਂ ਵੱਲ ਆਇਆ ਟੋਨੀ ਗੁਰਮੀਤ ਸਾਜਨ ਦੇ ਸਾਥ ਨਾਲ ਟੋਨੀ ਦੇ ਦੱਸਣ ਮੁਤਾਬਕ ਇਹ ਇੱਕ ਨਿਰੋਲ ਕਾਮੇਡੀ ਫ਼ਿਲਮ ਹੈ ਜੋ ਹਾਸੇ ਠੱਠੇ ਨਾਲ ਸਮਾਜ ਨੂੰ ਨਸੀਹਤ ਦੇਵੇਗੀ। ਪਰਿਵਾਰਕ ਰਿਸ਼ਤਿਆਂ ਦੀ ਤਿਲਕਣਬਾਜ਼ੀ ਵਿੱਚ ਗਿਰਦੀ ਜਾਂਦੀ ਇੰਨਸਾਨੀਅਤ ਦੀ ਕਹਾਣੀ ਪੇਸ਼ ਕਰਦੀ ਇਸ ਫ਼ਿਲਮ ਦੀ ਕਹਾਣੀ ਗੁਰਮੀਤ ਸਾਜਨ ਤੇ ਮਨਜੀਤ ਟੋਨੀ ਨੇ ਲਿਖੀ ਹੈ। ਪਿੰਡਾਂ ਦੇ ਮਾਹੌਲ ਨਾਲ ਜੁੜੀ ਪਰਿਵਾਰਕ ਰਿਸ਼ਤਿਆ ਦੀ ਇਸ ਫ਼ਿਲਮ ਵਿੱਚ ਕਾਮੇਡੀ ਦੇ ਸਿਰਮੌਰ ਕਰਮਜੀਤ ਅਨਮੋਲ ਤੇ ਗੁਰਮੀਤ ਸਾਜਨ ਮਿਆਰੀ ਕਾਮੇਡੀ ਨਾਲ ਦਰਸ਼ਕਾਂ ਹਸਾ-ਹਸਾ ਲੋਟ-ਪੋਟ ਕਰਨਗੇ। ਜ਼ਿਕਰਯੋਗ ਹੈ ਕਿ ਗੁਰਮੀਤ ਸਾਜਨ ਵੀ ਪੰਜਾਬੀ ਫਿਲਮਾਂ 'ਚ ਇੱਕ ਹਾਸਰਸ ਪੈਦਾ ਕਰਨ ਵਾਲਾ ਪਾਤਰ ਨਿਭਾਉਂਦਾ ਆ ਰਿਹਾ ਹੈ। ਇਸ ਫ਼ਿਲਮ ਵਿੱਚ ਕਾਮੇਡੀ ਦੇ ਇਹ ਦੋਵੇ ਮਹਾਂਰਥੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ।

ਵਿੰਨਰਜ਼ ਫ਼ਿਲਮਜ਼ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿੱਚ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਮਨਜੀਤ ਮਨੀ, ਦਲਵੀਰ ਬਬਲੀ, ਸੁਲੱਖਣ ਅਟਵਾਲ, ਨੀਟਾ ਤੰਬੜਭੰਨ ਤੇ ਮਿੰਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਹਰੇਕ ਕਲਾਕਾਰ ਨੇ ਆਪਣੇ ਕਿਰਦਾਰ ਵਿੱਚ ਪੂਰੀ ਜਾਨ ਪਾਈ ਹੈ। ਇਸ ਫ਼ਿਲਮ ਦੇ ਨਿਰਮਾਤਾ ਗੁਰਮੀਤ ਸਾਜਨ ਹਨ ਤੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ ਕੇ) ਹਨ। ਇਸ ਤੋਂ ਇਲਾਵਾ ਰਜਤ ਮਲਹੋਤਰਾ, ਐਸੋਸੀਏਟ ਨਿਰਦੇਸ਼ਕ ਬਿਕਰਮਜੀਤ ਗਿੱਲ, ਫੋਟੋਜਨਿਕ ਗੁਰਮੀਤ ਅਤੇ ਕਰੇਟਿਵ ਡਾਇਰੈਕਟਰ ਸੁਜਾਲ ਫ਼ਿਰੋਜ਼ਪੁਰੀਆ ਹਨ, ਜਿੰਨਾਂ ਵੱਲੋਂ ਇਸ ਫ਼ਿਲਮ ਨੂੰ ਬੇਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਫ਼ਿਲਮ ਦੇ ਸਿਨਮੈਟੋਗ੍ਰਾਫਰ ਬਰਿੰਦਰ ਸਿੱਧੂ ਹਨ। ਜ਼ਿਕਰਯੋਗ ਹੈ ਕਿ ਜਿੱਥੇ ਇਸ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਦਰਸ਼ਕਾਂ ਨੂੰ ਪ੍ਰਭਾਵਤ ਕਰਨਗੇ, ਉੱਥੇ ਫ਼ਿਲਮ ਦਾ ਗੀਤ-ਸੰਗੀਤ ਵੀ ਦਿਲ-ਟੁੰਬਵਾਂ ਹੋਵੇਗਾ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਲਿਖੀ ਹੈ। ਡਾਇਲਾਗ ਗਗਨਦੀਪ ਸਿੰਘ ਨੇ ਲਿਖੇ ਹਨ। ਜ਼ਿਕਰਯੋਗ ਹੈ ਕਿ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਇਸ ਫ਼ਿਲਮ ਰਾਹੀਂ ਇੱਕ ਨਵਾਂ ਨਾ ਇੱਕ ਸਿਮਰ ਖਹਿਰਾ ਨੂੰ ਲਾਂਚ ਕੀਤਾ ਹੈ ਜੋ ਆਪਣੀ ਜਾਨਦਾਰ ਅਦਾਕਾਰੀ ਨਾਲ ਲਵ ਗਿੱਲ ਨਾਲ ਨਜ਼ਰ ਆਵੇਗਾ। ਸਿਮਰ ਦੀ ਇਹ ਪਹਿਲੀ ਫ਼ਿਲਮ ਹੈ ਜਦਕਿ ਲਵ ਗਿੱਲ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' 'ਸ਼ੱਕਰਪਾਰੇ' ਤੇ 'ਕੁਲਚੇ ਛੋਲੇ' ਫ਼ਿਲਮਾਂ ਨਾਲ ਲੱਖਾਂ ਦਰਸ਼ਕਾਂ ਦਾ ਪਿਆਰ ਲੈ ਚੁੱਕੀ ਹੈ।

23 ਫਰਵਰੀ ਨੂੰ ਵਾਈਟ ਹਿੱਲ ਵੱਲੋਂ ਵੱਡੇ ਪੱਧਰ @ਤੇ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਨੂੰ ਯੂ ਕੇ ਵਿੱਚ 'ਕੇ-2' ਵੱਲੋਂ ਅਤੇ ਕਨੇਡਾ ਵਿੱਚ 'ਸਟੂਡੀਉ-7' ਤੇ ਸਤਰੰਗ ਫ਼ਿਲਮਜ਼ ਵੱਲੋਂ ਰਿਲੀਜ ਕੀਤਾ ਜਾਵੇਗਾ। ਫ਼ਿਲਮ ਦੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਨੇ ਦੱਸਿਆ ਕਿ ਇਸ ਤੋਂ ਉਨ੍ਹਾਂ ਦੀ ਅਗਲੀ ਫ਼ਿਲਮ ਬੂਅਅ ਮੈਂ ਡਰਗੀ ਵੀ ਦਰਸ਼ਕ ਜਲਦ ਵੇਖਣਗੇ। -

# ਪੰਜਾਬੀ ਸਿਨੇਮਾ



ਸੁਰਜੀਤ ਜੱਸਲ - 9814607737

## ਪੰਜਾਬੀ ਸਿਨੇਮਾ ਦੀ ਪਹਿਲੀ ਹਾਰਰ ਫ਼ਿਲਮ ਬੂਅ ਮੈਂ ਡਰ ਗਈ



ਕਰੋਨਾ ਕਾਲ ਤੋਂ ਬਾਅਦ ਪੰਜਾਬੀ ਸਿਨਮਾ ਵਿੱਚ ਕਦਮ ਦਰ ਕਦਮ ਬਾਲੀਵੁਡ ਪਧੱਰ ਦਾ ਬਦਲਾਵ ਵੇਖਿਆ ਜਾ ਰਿਹਾ ਹੈ। ਜਿੱਥੇ ਸਮਾਜਕ ਵਿਿਸ਼ਆ ਦੀਆਂ ਅਰਥ ਭਰਪੂਰ ਕਹਾਣੀਆ ਤੇ ਕੰਮ ਹੋ ਰਿਹਾ ਹੈ, ਉੱਥੇ ਨਿਰਦੇਸ਼ਨ ਅਤੇ ਤਕਨੀਕੀ ਕੰਮਾਂ ਵਿੱਚ ਵੀ ਚੰਗਾ ਨਿਖਾਰ ਆ ਰਿਹਾ ਹੈ। ਵਿਿਸ਼ਆਂ ਦੀ ਗੱਲ ਕਰੀਏ ਤਾਂ ਕਾਮੇਡੀ ਦੇ ਨਵੇਂ ਨਵੇਂ ਰੰਗ ਵੇਖਣ ਨੂੰ ਮਿਲਣਗੇ। ਅਜਿਹੀ ਹੀ ਇੱਕ ਫ਼ਿਲਮ ਹੈ ਬੂਅ ਮੈਂ ਡਰ ਗਈ ॥।, ਜੋ ਪਹਿਲੀ ਪੰਜਾਬੀ ਫ਼ਿਲਮ ਹੋਵੇਗੀ ਜਿਸਨੂੰ ਵੇਖਦਿਆਂ ਦਰਸ਼ਕ ਡਰਦੇ-ਡਰਦੇ ਹੱਸਣ ਲਈ ਮਜਬੂਰ ਹੋਣਗੇ। ਇੱਕ ਜ਼ਮਾਨਾ ਸੀ ਜਦ ਹਿੰਦੀ ਸਿਨਮਾ ਵਿੱਚ ਜਾਨੀ ਦੁਸ਼ਮਣ, ਬੰਦ ਦਰਵਾਜਾ, ਤਹਿਖਾਨਾ ਵਰਗੀਆ ਖੌਫ਼ਨਾਕ ਫ਼ਿਲਮਾਂ ਦਾ ਬੋਲਬਾਲਾ ਹੁੰਦਾ ਸੀ। ਕਈ ਸਾਲਾਂ ਬਾਅਦ ਹੁਣ ਇਹ ਦੌਰ ਪੰਜਾਬੀ ਫ਼ਿਲਮ ਬੂਅ ਮੈਂ ਡਰ ਗਈ ਨਾਲ ਮੁੜ ਦੁਹਰਾਇਆ ਜਾ ਰਿਹਾ ਹੈ।

ਨੈਕਸਟ ਇਮੇਜ ਇੰਟਰਟੇਨਮੈਂਟ' ਦੀ ਪੇਸ਼ਕਸ਼ ਲੇਖ਼ਕ ਰਾਜੂ ਵਰਮਾ ਦੀ ਲਿਖੀ ਇਸ ਫ਼ਿਲਮ ਦੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਹਨ। ਜਿਸਨੇ ਦੱਸਿਆ ਕਿ ਫ਼ਿਲਮ 'ਚ ਪਹਾੜੀ ਪਿੰਡਾਂ ਦੀ ਜ਼ਿੰਦਗੀ,



ਸਮੱਸਿਆਵਾਂ ਅਤੇ ਉਥੋਂ ਦੇ ਲੋਕਾਂ ਦਾ ਰਹਿਣ ਸਹਿਣ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿੱਚ ਨਜ਼ਰ ਆਵੇਗਾ। ਇਹ ਫ਼ਿਲਮ ਸਿਨਮਾ ਪ੍ਰੇਮੀਆਂ ਦਾ ਖ਼ੂਬ ਮਨੋਰੰਜਨ ਕਰਨ ਵਾਲੀ ਹੈ ਕਿਉਂਕਿ ਫ਼ਿਲਮ ਕਾਮੇਡੀ ਦੇ ਨਾਲ-ਨਾਲ ਡਰਾਵਣੀ ਵੀ ਹੋਵੇਗੀ। ਫ਼ਿਲਮ ਦੀ ਕਹਾਣੀ ਇੱਕ ਪਿੰਡ ਦੇ ਇਰਦ-ਗਿਰਦ ਘੁੰਮਦੀ ਹੈ। ਪਿੰਡ ਵਿੱਚ ਰਹਿਣ ਵਾਲੇ ਲੋਕ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣੇ ਕਰਦੇ ਹਨ। ਇਨਾਂ ਮੁਸ਼ਕਿਲਾਂ ਵਿੱਚੋਂ ਨਿਕਲਣ ਲਈ ਲੋਕ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਆਦਿ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪਰਦੇ ਤੇ ਪੇਸ਼ ਕੀਤਾ ਗਿਆ ਹੈ। ਇਹ ਫ਼ਿਲਮ ਪੰਜਾਬ ਦੇ ਨਾਲ ਨਾਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਦਰਸ਼ਕਾਂ ਲਈ ਵੀ ਖਿੱਚ ਦਾ ਕੇਂਦਰ ਬਣੇਗੀ।

ਨੈਕਸਟ ਇਮੈਜ ਇੰਟਰਟੇਨਮੈਂਟ' ਦੀ ਪੇਸ਼ਕਸ਼ ਇਸ ਫ਼ਿਲਮ ਦੇ ਨਿਰਮਾਤਾ ਸੋਨੀ ਨੱਢਾ, ਕਰਮਜੀਤ ਥਿੰਦ, ਪਰਵਿੰਦਰ ਨੱਢਾ ਨੇ ਕਿਹਾ ਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਹ ਪਹਿਲੀ ਹੌਰਰ ਫਿਲਮ ਹੈ ਅਤੇ ਫ਼ਿਲਮ ਦੀ ਸ਼ੂਟਿੰਗ ਵੀ ਅਜਿਹੀਆਂ ਲੋਕੇਸ਼ਨਾਂ 'ਤੇ ਕੀਤੀ ਹੈ ਜਿੰਨਾ ਦੀ ਗਿਣਤੀ ਦੇਸ਼ ਦੀਆਂ ਸਭ ਤੋਂ ਹੌਂਟਡ ਲੋਕੇਸ਼ਨਾਂ 'ਚ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਲੋਕੇਸ਼ਨਾਂ 'ਤੇ ਆਮ ਲੋਕ ਦਿਨ ਵੇਲੇ ਹੀ ਜਾਣ ਤੋਂ ਕਤਰਾਉਂਦੇ ਹਨ। ਮਲਟੀਸਟਾਰ ਕਾਸਟ ਵਾਲੀ ਇਸ ਫ਼ਿਲਮ ਵਿੱਚ ਰੌਸ਼ਨ ਪ੍ਰਿੰਸ ਅਤੇ ਈਸ਼ਾ ਰਿਖੀ ਤੋਂ ਇਲਾਵਾ ਯੋਗਰਾਜ ਸਿੰਘ, ਬੀ ਐਨ ਸ਼ਰਮਾ, ਹਾਰਬੀ ਸੰਘਾ, ਅਨੀਤਾ ਦੇਵਗਨ, ਹਰਦੀਪ ਗਿੱਲ, ਪ੍ਰਕਾਸ਼ ਗਾਧੂ, ਦਿਲਾਵਰ ਸਿੱਧੂ, ਬਾਲ ਕਲਾਕਾਰ ਅਨਮੋਲ ਵਰਗਾ, ਗੁਰਮੀਤ ਸਾਜਨ, ਸਤਿੰਦਰ ਕੌਰ, ਗੁਰਪ੍ਰੀਤ ਕੌਰ ਭੰਗੂ, ਜੱਗੀ, ਗੁਰਚੇਤ ਚਿੱਤਰਕਾਰ, ਅਤੇ ਨਿਸ਼ਾ ਬਾਨੋਂ ਸਮੇਤ ਹੋਰ ਕਈ ਕਲਾਕਾਰ ਅਹਿਮ ਭੂਮਿਕਾਵਾਂ ਚ ਨਜ਼ਰ ਆਉਣਗੇ। ਇਸ ਫ਼ਿਲਮ ਦੇ ਗੀਤ ਗਾਇਕ ਨਿੰਜਾ, ਗੁਰਲੇਜ ਅਖ਼ਤਰ, ਰੌਸ਼ਨ ਪ੍ਰਿੰਸ, ਮੰਨਤ ਨੂਰ, ਸ਼ਿਵਜੋਤ ਨੇ ਗਾਏ ਹਨ ਜਿੰਨ੍ਹਾ ਨੂੰ ਗੀਤਕਾਰ, ਹਰਮਨਜੀਤ ਤੇ ਰਾਜੂ ਵਰਮਾ ਨੇ ਲਿਖਆ ਹੈ। ਇਸ ਫ਼ਿਲਮ ਵਿਚਲੇ ਹੈਰਤ-ਅੰਗੇਜ਼ ਦ੍ਰਿਸ਼ਾਂ ਨੂੰ ਕੈਮਰਾਮੈਨ ਬਰਿੰਦਰ ਸਿੱਧੂ ਨੇ ਫ਼ਿਲਮਾਇਆ ਹੈ। ਇਸ ਫ਼ਿਲਮ ਦੇ ਸਹਾਇਕ ਨਿਰਮਾਤਾ ਬਿਕਰਮ ਗਿੱਲ ਹਨ। ਪਰਿਵਾਰਕ ਡਰਾਮਾ, ਹੌਰਰ ਅਤੇ ਡਬਲਡੋਜ ਕਾਮੇਡੀ ਵਾਲੀ ਮਨੋਰੰਜਨ ਭਰਪੂਰ ਪੰਜਾਬੀ ਫ਼ਿਲਮ ਬੂਅ ਮੈਂ ਡਰ ਗਈ1 ਮਾਰਚ ਨੂੰ ਸਿਨੇਮਾ ਘਰਾਂ ਦੇਖਣ ਨੂੰ ਮਿਲੇਗੀ।


AERO SIGN & PRINT INC.
RELIABLE AND AFFORDABLE
www.aerosign.ca
WHOLESALE
CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Sidhu Accounting & Financial Services

Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Westwinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair

ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038


SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141

INDIA PALACE
RESTAURANT & SWEETS

ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਕੀ ਮਿਰਜ਼ੇ ਦੀ ਮੌਤ ਲਈ ਸਾਹਿਬਾਂ ਜ਼ਿੰਮੇਵਾਰ ਸੀ ਜਾਂ ਉਸ ਦਾ ਹੰਕਾਰ?




ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

**ਜਿਸ ਜਗ੍ਹਾ 'ਤੇ ਮਿਰਜ਼ਾ ਸਾਹਿਬਾਂ ਕਤਲ ਹੋਏ ਸਨ, ਉਹ ਦਾਨਾਬਾਦ ਤੋਂ ਸਿਰਫ 2-3 ਕਿ.ਮੀ. ਦੂਰ ਖੇਤਾਂ ਵਿੱਚ ਹੈ। ਜਿਸ ਬੰਦੇ ਪਿੱਛੇ ਵਾਹਰ ਲੱਗੀ ਹੋਵੇ, ਉਸ ਨੂੰ ਕਦੇ ਵੀ ਨੀਂਦ ਨਹੀਂ ਆ ਸਕਦੀ। ਅਸਲ ਵਿੱਚ ਮਿਰਜ਼ੇ ਦਾ ਇਰਾਦਾ ਸ਼ੁਰੂ ਤੋਂ ਹੀ ਸਾਹਿਬਾਂ ਦੇ ਭਰਾ ਸ਼ਮੀਰ ਅਤੇ ਮੰਗੇਤਰ ਤਾਹਿਰ ਖਾਨ ਚੰਧੜ ਨੂੰ ਕਤਲ ਕਰਨ ਦਾ ਸੀ, ਕਿਉਂਕਿ ਉਸ ਦੀ ਬਚਪਨ ਤੋਂ ਹੀ ਸ਼ਮੀਰ ਖਾਨ ਨਾਲ ਨਹੀਂ ਸੀ ਬਣਦੀ। ਸਾਹਿਬਾਂ ਨੇ ਸੋਚਿਆ ਹੋਵੇਗਾ ਕਿ ਮੇਰੀ ਕਰਤੂਤ ਕਾਰਨ ਪਰਿਵਾਰ ਦੀ ਪਹਿਲਾਂ ਹੀ ਬਹੁਤ ਬਦਨਾਮੀ ਹੋ ਗਈ ਹੈ।**








ਫੋਟੋਆਂ ਲਈ ਡਾ. ਹਰਭਜਨ ਸਿੰਘ ਢਿੱਲੋਂ ਦਾ ਵਿਸ਼ੇਸ਼ ਧੰਨਵਾਦ

ਪੰਜਾਬ ਦੇ ਸਾਰੇ ਛੋਟੇ ਵੱਡੇ ਗਵੱਈਆਂ ਨੇ ਸਾਹਿਬਾਂ ਨੂੰ ਪਾਣੀ ਪੀ ਪੀ ਕੇ ਕੋਸਿਆ ਹੈ। ਸਾਹਿਬਾਂ ਨਾਲ ਪੰਜਾਬ ਦੀਆਂ ਲੋਕ ਕਥਾਵਾਂ ਦੇ ਕਿਸੇ ਵੀ ਕਿਰਦਾਰ ਨਾਲੋਂ ਵੱਧ ਬੇਇਨਸਾਫੀ ਹੋਈ ਹੈ। ਉਸ ਨੂੰ ਧੋਖੇਬਾਜ਼, ਯਾਰ ਮਾਰ ਤੇ ਪਤਾ ਨਹੀਂ ਕੀ ਕੀ ਕਹਿ ਕੇ ਬਦਨਾਮ ਕੀਤਾ ਗਿਆ ਹੈ। ਸਾਹਿਬਾਂ ਨੂੰ ਭੰਡਣ ਵਾਲਿਆਂ ਨੂੰ ਇਸ ਗੱਲ 'ਤੇ ਜਰੂਰ ਗੌਰ ਕਰਨਾ ਚਾਹੀਦਾ ਹੈ ਕਿ ਜੇ ਕੋਈ ਪ੍ਰੇਮੀ, ਪ੍ਰੇਮਿਕਾ ਨੂੰ ਵਿਆਹ ਵਾਲੇ ਦਿਨ ਉਧਾਲ ਕੇ ਲੈ ਜਾਵੇ ਤੇ ਫਿਰ ਰਸਤੇ ਵਿੱਚ ਘਾਤ ਲਾ ਕੇ ਉਸ ਦੇ ਭਰਾਵਾਂ ਨੂੰ ਕਤਲ ਕਰਨ ਦੀਆਂ ਤਰਕੀਬਾਂ ਵੀ ਬਣਾਵੇ ਤਾਂ ਉਸ ਹਾਲਤ ਵਿੱਚ ਲੜਕੀ ਨੂੰ ਕੀ ਕਰਨਾ ਚਾਹੀਦਾ ਹੈ? ਕੀ ਉਸ ਨੂੰ ਆਪਣੇ ਬੇਕਸੂਰ ਭਰਾਵਾਂ ਨੂੰ ਮਰਵਾ ਦੇਣਾ ਚਾਹੀਦਾ ਹੈ?

ਮਿਰਜ਼ਾ ਸਾਹਿਬਾਂ ਦੀ ਕਹਾਣੀ ਬਾਰੇ ਵੈਸੇ ਤਾਂ ਸਾਰੇ ਜਾਣਦੇ ਹੀ ਹਨ, ਪਰ ਫਿਰ ਵੀ ਮੋਟਾ ਮੋਟਾ ਇਸ ਤਰਾਂ ਹੈ। ਮਿਰਜ਼ਾ ਸਾਹਿਬਾਂ ਦੀ ਇਸ਼ਕ ਕਹਾਣੀ 17ਵੀਂ ਸਦੀ (ਮੁਗਲ ਕਾਲ) ਵਿੱਚ ਵਾਪਰੀ ਸੀ। ਸਾਹਿਬਾਂ ਖੀਵੇ ਪਿੰਡ ਦੇ ਚੌਧਰੀ ਮਾਹਣੀ ਖਾਨ ਸਿਆਲ ਦੀ ਧੀ ਸੀ ਜੋ ਹੁਣ ਪਾਕਿਸਤਾਨੀ ਪੰਜਾਬ ਦੇ ਝੰਗ ਜਿਲ੍ਹੇ ਵਿੱਚ ਪੈਂਦਾ ਹੈ। ਮਿਰਜ਼ਾ ਗੰਜੀ ਬਾਰ ਦੇ ਪਿੰਡ ਦਾਨਾਬਾਦ (ਜਿਲ੍ਹਾ ਫੈਸਲਾਬਾਦ) ਦੇ ਚੌਧਰੀ ਵੰਜਲ ਖਾਨ ਖਰਲ ਦਾ ਪੁੱਤਰ ਸੀ। ਦੋਵਾਂ ਪਿੰਡਾਂ ਵਿੱਚ ਫਾਸਲਾ ਕਰੀਬ 80-90 ਕਿ.ਮੀ. ਦੇ ਕਰੀਬ ਤੇ ਸਾਹਿਬਾਂ ਮਿਰਜ਼ੇ ਦੇ ਸਕੇ ਮਾਮੇ ਦੀ ਧੀ ਸੀ। ਮਿਰਜ਼ੇ ਨੂੰ ਪੜ੍ਹਨ ਲਈ ਮਾਸੀ ਬੀਬੋ ਕੋਲ ਨਾਨਕੇ ਭੇਜਿਆ ਗਿਆ ਜਿੱਥੇ ਉਸ ਦਾ ਸਾਹਿਬਾਂ ਨਾਲ ਪਿਆਰ ਪੈ ਗਿਆ। ਵੰਜਲ ਖਾਨ ਨੇ ਵੀ ਮਿਰਜ਼ੇ ਦੀ ਮਾਂ ਨਾਲ ਘਰੋਂ ਭਜਾ ਕੇ ਵਿਆਹ ਕਰਵਾਇਆ ਸੀ। ਇਸ ਖੁੰਦਕ ਕਾਰਨ ਮਾਹਣੀ ਖਾਨ ਨੇ ਮਿਰਜ਼ੇ ਦੀ ਬਜਾਏ ਸਾਹਿਬਾਂ ਦਾ ਰਿਸ਼ਤਾ ਚੰਧੜ ਗੋਤਰ ਦੇ ਜੱਟ ਤਾਹਿਰ ਖਾਨ ਨਾਲ ਪੱਕਾ ਕਰ ਦਿੱਤਾ। ਪਤਾ ਲੱਗਣ ਮਿਰਜ਼ਾ 'ਤੇ ਵਿਆਹ ਤੋਂ ਪਹਿਲੀ ਰਾਤ ਸਾਹਿਬਾਂ ਨੂੰ ਕੱਢ ਕੇ ਲੈ ਗਿਆ ਪਰ ਰਸਤੇ ਵਿੱਚ ਅਰਾਮ ਕਰਨ ਲਈ ਸੌਂ ਗਿਆ। ਸਾਹਿਬਾਂ ਨੇ ਘਰ ਪਹੁੰਚਣ ਲਈ ਬਹੁਤ ਵਾਸਤੇ ਪਾਏ ਪਰ ਮਿਰਜ਼ਾ ਨਾ ਮੰਨਿਆ। ਸਾਹਿਬਾਂ ਦੇ ਸਮਝਾਉਣ ਦੇ ਬਾਵਜੂਦ ਸ਼ੇਖੀਆਂ ਮਾਰਨ ਲੱਗਾ,

ਉ ਕੋਈ ਨਹੀਂ ਦੀਹਦਾ ਸੂਰਮਾ, ਜੋ ਮੈਨੂੰ ਹੱਥ ਕਰੇ।
ਮੈਂ ਕਟਕ ਭਿੜਾਂ ਦਿਆਂ ਟੱਕਰੀਂ, ਮੈਥੋਂ ਮੌਤ ਡਰੇ।
ਵਲ ਵਲ ਵੱਢ ਦਿਆਂ ਸੂਰਮੇ, ਜਿਉਂ ਖੇਤੀਂ ਪੈਣ ਗੜੇ।
ਮੈਂ ਵੱਢ ਕੇ ਸਿਰ ਸਿਆਲਾਂ ਦੇ, ਸੁਟੂੰ ਵਿੱਚ ਰੜੇ।

ਸਾਹਿਬਾਂ ਚਾਹੇ ਮਿਰਜ਼ੇ ਨਾਲ ਪਿਆਰ ਕਰਦੀ ਸੀ ਪਰ ਉਸ ਦਾ ਆਪਣੇ ਭਰਾਵਾਂ ਨਾਲ ਕੋਈ ਅਜਿਹਾ ਵੈਰ ਵਿਰੋਧ ਨਹੀਂ ਸੀ ਕਿ ਉਨ੍ਹਾਂ ਦਾ ਕਤਲ ਕਰਵਾ ਦਿੰਦੀ। ਭਰਾਵਾਂ ਦੇ ਪਿਆਰ ਅੱਗੇ ਮਿਰਜ਼ੇ ਦਾ ਪਿਆਰ ਹਾਰ ਗਿਆ ਤੇ ਉਸ ਨੇ ਮਿਰਜ਼ੇ ਦੇ ਤੀਰ ਤੋੜ ਦਿੱਤੇ। ਚੰਧੜਾਂ ਅਤੇ ਸਿਆਲਾਂ ਦੀ ਧਾੜ ਨੇ ਦੋਵਾਂ ਨੂੰ ਘੇਰ ਕੇ ਕਤਲ ਕਰ ਦਿੱਤਾ।

ਕਿੱਸਾਕਾਰ ਪੀਲੂ ਨੇ ਮਿਰਜ਼ੇ ਦਾ ਕਿਰਦਾਰ ਬਹੁਤ ਬਹਾਦਰ ਤੇ ਸ਼ਕਤੀਸ਼ਾਲੀ ਚਿਤਰਿਆ ਹੈ। ਉਸ ਦੀ ਮੌਤ ਦਾ ਕਾਰਨ ਸਾਹਿਬਾਂ ਵੱਲੋਂ ਤੀਰ ਤੋੜਨਾ ਦੱਸਿਆ ਹੈ। ਪਰ ਅਸਲ ਵਿੱਚ ਅਜਿਹੀ ਗੱਲ ਨਹੀਂ ਲੱਗਦੀ। ਮਿਰਜ਼ੇ ਦੀ ਕਹਾਣੀ ਨੂੰ ਜੇ ਸੱਚ ਦੀ ਕਸਵੱਟੀ 'ਤੇ ਕੱਸਿਆ ਜਾਵੇ ਤਾਂ ਉਸ ਦੀ ਮੌਤ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਹੈ ਉਸ ਦਾ ਅੱਤ ਦਾ ਹੰਕਾਰੀ ਹੋਣਾ ਤੇ ਘੋੜੀ ਬੱਕੀ ਉੱਪਰ ਲੋੜ ਤੋਂ ਵੱਧ ਵਿਸ਼ਵਾਸ ਕਰਨਾ ਸੀ।

ਉਬਹਿ ਨਾਲ ਯਕੀਨ ਦੇ, ਮੇਰੀ ਬੱਕੀ ਨਾ ਨਿੰਦ ਕੇ ਜਾ,
ਨੀ ਇਹ ਪਾਣੀ ਪੀਂਦੀ ਅੰਬਰੋਂ, ਅਰਸ਼ਾਂ ਤੋਂ ਚੁਗਦੀ ਘਾਹ"

ਮਿਰਜ਼ੇ ਨੇ ਦਾਨਾਬਾਦ ਪਹੁੰਚਣ ਦੀ ਕਾਹਲੀ ਵਿੱਚ ਬੱਕੀ 'ਤੇ ਜਰੂਰਤ ਤੋਂ ਜਿਆਦਾ ਦਬਾਅ ਪਾ ਦਿੱਤਾ ਸੀ। ਉਹ ਦਿਨ ਢਲੇ ਖੀਵੇ ਪਹੁੰਚਿਆ ਸੀ ਤੇ ਅਗਲੇ ਦਿਨ ਤੜ੍ਹਕੇ ਹੀ ਬੱਕੀ ਨੂੰ ਅਰਾਮ ਦਿੱਤੇ ਬਗੈਰ ਵਾਪਸ ਚੱਲ ਪਿਆ। ਦੋ ਸਵਾਰਾਂ ਦਾ ਭਾਰ ਲੈ ਕੇ 80 ਕਿ.ਮੀ. ਸਫਰ ਨਿਰੰਤਰ ਤੇਜੀ ਨਾਲ ਤਹਿ ਕਰਨਾ ਚੰਗੀ ਤੋਂ ਚੰਗੀ ਨਸਲ ਦੇ ਘੋੜੇ ਵਾਸਤੇ ਵੀ ਸੰਭਵ ਨਹੀਂ ਹੈ। ਵਿਸ਼ਵ ਦੀਆਂ ਸਭ ਤੋਂ ਵਧੀਆ ਨਸਲਾਂ ਦੇ ਘੋੜਿਆਂ (ਅਰਬੀ ਤੇ ਥੈਰੋਬਰੈਡ) ਦੀ ਰਫਤਾਰ ਵੀ ਵੱਧ ਤੋਂ ਵੱਧ 50 - 55 ਕਿ.ਮੀ. ਪ੍ਰਤੀ ਘੰਟਾ ਹੁੰਦੀ ਹੈ। ਪਰ ਕੋਈ ਵੀ ਘੋੜਾ ਪੂਰੀ ਰਫਤਾਰ ਨਾਲ 3 - 4 ਕਿ.ਮੀ. ਤੋਂ ਵੱਧ ਫਾਸਲਾ ਤੈਅ ਨਹੀਂ ਕਰ ਸਕਦਾ। ਘੋੜੇ ਦੀ ਦੁੜਕੀ ਚਾਲ 15-20 ਕਿ.ਮੀ. ਪ੍ਰਤੀ ਘੰਟਾ ਹੁੰਦੀ ਹੈ। ਇਸ ਲਈ ਬੱਕੀ ਚਾਹੇ ਕਿੰਨੀ ਵੀ ਤਕੜੀ ਸੀ, ਦੋ ਸਵਾਰਾਂ ਦੇ ਭਾਰ ਕਾਰਨ ਤੁਰ ਕੇ ਜਾਂ ਦੁੜਕੀ ਚਾਲ ਹੀ ਆਈ ਹੋਵੇਗੀ। ਇਸ ਲਈ ਲੱਗਦਾ ਹੈ ਕਿ ਦਾਨਾਬਾਦ ਪਹੁੰਚਣ 'ਤੇ ਉਨ੍ਹਾਂ ਨੂੰ 5-6 ਘੰਟੇ ਲੱਗੇ ਹੋਣਗੇ ਤੇ ਸਿਆਲਾਂ ਦੇ ਤਾਜ਼ਾ ਦਮ ਘੋੜਿਆਂ ਨੇ ਉਨ੍ਹਾਂ ਨੂੰ ਘੇਰ ਲਿਆ ਹੋਵੇਗਾ।

ਦੂਜੀ ਗੱਲ ਰਹੀ ਮਿਰਜ਼ੇ ਦੇ ਸੌਣ ਦੀ। ਜਿਸ ਜਗ੍ਹਾ 'ਤੇ ਮਿਰਜ਼ਾ ਸਾਹਿਬਾਂ ਕਤਲ ਹੋਏ ਸਨ, ਉਹ ਦਾਨਾਬਾਦ ਤੋਂ ਸਿਰਫ 2-3 ਕਿ.ਮੀ. ਦੂਰ ਖੇਤਾਂ ਵਿੱਚ ਹੈ। ਜਿਸ ਬੰਦੇ ਪਿੱਛੇ ਵਾਹਰ ਲੱਗੀ ਹੋਵੇ, ਉਸ ਨੂੰ ਕਦੇ ਵੀ ਨੀਂਦ ਨਹੀਂ ਆ ਸਕਦੀ। ਅਸਲ ਵਿੱਚ ਮਿਰਜ਼ੇ ਦਾ ਇਰਾਦਾ ਸ਼ੁਰੂ ਤੋਂ ਹੀ ਸਾਹਿਬਾਂ ਦੇ ਭਰਾ ਸ਼ਮੀਰ ਅਤੇ ਮੰਗੇਤਰ ਤਾਹਿਰ ਖਾਨ ਚੰਧੜ ਨੂੰ ਕਤਲ ਕਰਨ ਦਾ ਸੀ, ਕਿਉਂਕਿ ਉਸ ਦੀ ਬਚਪਨ ਤੋਂ ਹੀ ਸ਼ਮੀਰ ਖਾਨ ਨਾਲ ਨਹੀਂ ਸੀ ਬਣਦੀ। ਸਾਹਿਬਾਂ ਨੇ ਸੋਚਿਆ ਹੋਵੇਗਾ ਕਿ ਮੇਰੀ ਕਰਤੂਤ ਕਾਰਨ ਪਰਿਵਾਰ ਦੀ ਪਹਿਲਾਂ ਹੀ ਬਹੁਤ ਬਦਨਾਮੀ ਹੋ ਗਈ ਹੈ। ਜੇ ਹੁਣ ਭਰਾ ਵੀ ਮਾਰੇ ਗਏ ਤਾਂ ਮਾਪਿਆਂ ਨੇ ਜਿਊਂਦੇ ਜੀ ਮਰ ਜਾਣਾ ਹੈ। ਪੰਜਾਬ ਦੀ ਕੋਈ ਲੜਕੀ ਆਪਣੇ ਹੱਥੀਂ ਭਰਾ ਮਰਵਾ ਕੇ ਪਤੀ ਨਾਲ ਸੁੱਖ ਨਹੀਂ ਭੋਗ ਸਕਦੀ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਮਿਰਜ਼ੇ ਨੂੰ ਮਾਰਨ ਤੋਂ ਬਾਅਦ ਭਰਾਵਾਂ ਨੇ ਉਸ ਨੂੰ ਵੀ ਨਹੀਂ ਬਖਸ਼ਣਾ। ਪਰ ਭਰਾਵਾਂ ਦੀ ਜ਼ਿੰਦਗੀ ਉਸ ਨੂੰ ਆਪਣੀ ਜਾਨ ਨਾਲੋਂ ਵੱਧ ਪਿਆਰੀ ਲੱਗੀ। ਮਿਰਜ਼ੇ ਨੇ ਸੋਚਿਆ ਹੋਵੇਗਾ ਕਿ ਮੈਨੂੰ ਪਿੰਡ ਲਾਗੇ ਪਹੁੰਚਿਆ ਵੇਖ ਕੇ ਸ਼ਾਇਦ ਭਰਾ ਤੇ ਹੋਰ ਸ਼ਰੀਕਾ ਬਰਾਦਰੀ ਮਦਦ ਵਾਸਤੇ ਆ ਜਾਣਗੇ। ਇਸ ਕਾਰਨ ਉਹ ਜਾਣ ਬੁੱਝ ਕੇ ਰੁਕ ਗਿਆ ਤੇ ਉਸ ਦੀ ਇਹ ਗਲਤੀ ਦੋਵਾਂ ਦੀ ਮੌਤ ਦਾ ਕਾਰਨ ਬਣ ਗਈ। ਪੀਲੂ ਅਨੁਸਾਰ ਮਿਰਜ਼ਾ ਇਸ ਲਈ ਮਾਰਿਆ ਗਿਆ ਕਿਉਂਕਿ ਸਾਹਿਬਾਂ ਨੇ ਉਸ ਦੇ ਤੀਰ ਤੋੜ ਦਿੱਤੇ ਸਨ। ਪਰ ਜੇ ਸਾਹਿਬਾਂ ਤੀਰ ਨਾ ਤੋੜਦੀ ਤਾਂ ਵੀ ਉਸ ਕੋਲੋਂ ਕੁਝ ਨਹੀਂ ਸੀ ਸਰਨਾ। ਪੀਲੂ ਲਿਖਦਾ ਹੈ, ਉ300 ਕਾਨੀ ਮਿਰਜ਼ੇ ਜੱਟ ਦੀ, ਨੀ ਮੈਂ ਦਿੰਦਾ ਸਿਆਲੀਂ ਵੰਡ।" ਪਰ ਅਸਲੀਅਤ ਵਿੱਚ ਇਹ ਗੱਲ ਸੰਭਵ ਨਹੀਂ ਹੈ। ਇੱਕ ਸਧਾਰਨ ਭੱਥੇ ਵਿੱਚ 300 ਤੀਰ ਆ ਹੀ ਨਹੀਂ ਸਕਦੇ, ਬੋਰੀ ਵਿੱਚ ਪਾਉਣੇ ਪੈਣਗੇ। ਪੁਰਾਤਨ ਜੰਗਾਂ ਯੁੱਧਾਂ ਵੇਲੇ ਇੱਕ ਸੈਨਿਕ ਕੋਲ ਸਿਰਫ 15-20 ਤੀਰ ਹੁੰਦੇ ਸਨ। ਮਿਰਜ਼ੇ ਕੋਲ ਵੀ 20 ਤੋਂ ਵੱਧ ਤੀਰ ਨਹੀਂ ਹੋ ਸਕਦੇ। ਅੱਜ ਕਲ੍ਹ ਖੇਡਾਂ ਅਤੇ ਸ਼ਿਕਾਰ ਵਾਸਤੇ ਵਰਤੇ ਜਾਣ ਵਾਲੇ ਆਧੁਨਿਕ ਤਕਨੀਤ ਦੇ ਤੀਰ ਕਮਾਨ ਦੀ ਕਾਰਗਰ ਮਾਰ 30-40 ਗਜ਼ ਤੋਂ ਵੱਧ ਨਹੀਂ ਹੈ। ਮਾਹਰ ਤੋਂ ਮਾਹਰ ਤੀਰਅੰਦਾਜ਼ ਵੀ ਨਿਸ਼ਾਨਾ ਬੰਨ੍ਹ ਕੇ ਇੱਕ ਮਿੰਟ ਵਿੱਚ ਸਿਰਫ 9-10 ਤੀਰ ਹੀ ਚਲਾ ਸਕਦਾ ਹੈ ਤੇ ਇਹ ਜਰੂਰੀ ਨਹੀਂ ਕਿ ਹਰ ਤੀਰ ਨਾਲ ਦੁਸ਼ਮਣ ਮਰ ਹੀ ਜਾਵੇ। ਜਦੋਂ ਮਿਰਜ਼ਾ ਦਿਖ ਗਿਆ ਹੋਵੇਗਾ ਤਾਂ ਸਿਆਲ ਗੁੱਸੇ ਵਿੱਚ ਆ ਕੇ ਪੂਰੀ ਰਫਤਾਰ ਨਾਲ ਘੋੜੇ ਭਜਾ ਕੇ ਉਸ ਨੂੰ ਪਏ ਹੋਣਗੇ। ਚੰਗਾ ਘੋੜਾ ਪੂਰੀ ਰਫਤਾਰ ਨਾਲ 40 - 50 ਗਜ਼ ਦੀ ਦੂਰੀ ਸਿਰਫ 5-6 ਸੈਕੰਡ ਵਿੱਚ ਪੂਰੀ ਕਰ ਲੈਂਦਾ ਹੈ। ਮਤਲਬ ਮਿਰਜ਼ੇ ਕੋਲ ਸਿਰਫ ਦੋ - ਚਾਰ ਤੀਰ ਚਲਾਉਣ ਦਾ ਵਕਤ ਹੀ ਬਚਦਾ ਸੀ। ਵੈਸੇ ਉਸ ਕੋਲ ਕਿਰਪਾਨ ਵੀ ਸੀ, ਪਰ ਉਹ ਐਨਾ ਨਿਕੰਮਾਂ ਸਾਬਤ ਹੋਇਆ ਕਿ ਹੱਥੋ ਹੱਥ ਲੜਾਈ ਵਿੱਚ ਇੱਕ ਵੀ ਦੁਸ਼ਮਣ ਨੂੰ ਨਹੀਂ ਮਾਰ ਸਕਿਆ। ਪੀਲੂ ਨੇ ਵੀ ਮਿਰਜ਼ੇ ਦੇ ਹੰਕਾਰੀ ਹੋਣ ਬਾਰੇ ਲਿਖਿਆ ਹੈ,

_ਮਿਰਜ਼ਾ ਮਾਰਿਆ ਮਲਕੁੱਲ ਮੌਤ ਨੇ, ਕੁਝ ਮਾਰਿਆ ਖੁਦੀ ਗੁਮਾਨ,
ਵਿੱਚ ਕਬਰਾਂ ਦੇ ਖਪ ਗਿਆ ਮਿਰਜ਼ਾ ਸੋਹਣਾ ਜਵਾਨ"।

ਚੜ੍ਹਦੇ ਪੰਜਾਬ ਵਿੱਚ ਭਾਵੇਂ ਗਵੱਈਆਂ ਨੇ ਮਿਰਜ਼ਾ ਗਾ ਕੇ ਲੱਖਾਂ ਕਰੋੜਾਂ ਰੁਪਈਆ ਕਮਾਇਆ ਹੈ, ਪਰ ਜੱਦੀ ਇਲਾਕੇ ਵਿੱਚ ਉਸ ਦੀ ਕੋਈ ਜਿਆਦਾ ਇੱਜ਼ਤ ਨਹੀਂ ਲੱਗਦੀ। ਸ਼ਾਇਦ ਲੋਕਾਂ ਨੇ ਉਸ ਦੇ ਸਾਹਿਬਾਂ ਵਾਲੇ ਕੰਮ ਨੂੰ ਬਹੁਤਾ ਪਸੰਦ ਨਹੀਂ ਕੀਤਾ। ਸਾਬਕਾ ਮੰਤਰੀ ਸ.ਹਰਨੇਕ ਸਿੰਘ ਘੜੂੰਆਂ ਨੇ 1997 ਵਿੱਚ ਮਿਰਜ਼ਾ ਸਾਹਿਬਾਂ ਦੀਆਂ ਕਬਰਾਂ ਦਾ ਦੌਰਾ ਕੀਤਾ ਸੀ। ਉਦੋਂ ਤੱਕ ਕਬਰਾਂ 'ਤੇ ਕੋਈ ਕਮਰਾ ਜਾਂ ਯਾਦਗਾਰ ਆਦਿ ਨਹੀਂ ਸੀ ਬਣੀ ਹੋਈ, ਬਲਕਿ ਪਿੱਲੀਆਂ ਇੱਟਾਂ ਦੀਆਂ ਸਧਾਰਨ ਜਿਹੀਆਂ ਕਬਰਾਂ ਖੁਲ੍ਹੇ ਅਸਮਾਨ ਹੇਠ ਅਣਗੌਲੀਆਂ ਪਈਆਂ ਸਨ। ਮਿਰਜ਼ੇ ਦੇ ਵੰਸ਼ਜ ਹੁਣ ਦਾਨਾਬਾਦ ਦੀ ਬਜਾਏ 3-4 ਕਿ. ਮੀ. ਦੂਰ ਪਿੰਡ ਸ਼ਾਹੀਕੇ ਵੱਸਦੇ ਹਨ। ਮਿਰਜ਼ੇ ਦੀ ਕਬਰ 'ਤੇ ਦਸ ਚੇਤਰ ਨੂੰ ਮੇਲਾ ਲੱਗਦਾ ਹੈ, ਹੋ ਸਕਦਾ ਹੈ ਇਸ ਦਿਨ ਮਿਰਜ਼ਾ ਸਾਹਿਬਾਂ ਦਾ ਕਤਲ ਹੋਇਆ ਹੋਵੇ। ਮਿਰਜ਼ੇ ਨੂੰ ਆਪਣੇ ਪਿੰਡ ਦੀ ਮਿੱਟੀ ਵੀ ਨਸੀਬ ਨਹੀਂ ਹੋਈ ਕਿਉਂਕਿ ਉਸ ਨੂੰ ਤੇ ਸਾਹਿਬਾਂ ਨੂੰ ਮਰਨ ਵਾਲੀ ਜਗ੍ਹਾ 'ਤੇ ਹੀ ਦਫਨਾ ਦਿੱਤਾ ਗਿਆ ਸੀ। ਪਾਕਿਸਤਾਨ ਦੇ ਪ੍ਰਸਿੱਧ ਲਿਖਾਰੀ ਤਾਰਿਕ ਅਮੀਰ ਨੇ 2014 ਵਿੱਚ ਕਬਰਾਂ ਦਾ ਦੌਰਾ ਕੀਤਾ ਸੀ। ਉਸ ਨੇ ਲਿਖਿਆ ਹੈ ਕਿ ਤਿੰਨ ਸਾਲ ਪਹਿਲਾਂ ਕਬਰਾਂ ਉੱਪਰ ਇੱਕ ਨਵਾਂ ਅਤੇ ਸਧਾਰਨ ਜਿਹਾ ਕਮਰਾ ਬਣਾ ਦਿੱਤਾ ਗਿਆ ਹੈ। ਜੇ ਪਰਿਵਾਰ ਅਤੇ ਸ਼ਰੀਕੇ ਕਬੀਲੇ ਵਾਲੇ ਮਿਰਜ਼ੇ ਦੇ ਕਾਰਨਾਮੇ ਦੀ ਪ੍ਰੋੜਤਾ ਕਰਦੇ ਹੁੰਦੇ ਤਾਂ ਦੋਵਾਂ ਦੀਆਂ ਲਾਸ਼ਾਂ ਨੂੰ ਦਾਨਾਬਾਦ ਲਿਜਾ ਕੇ ਪੂਰੇ ਮਾਨ - ਸਨਮਾਨ ਨਾਲ ਸਪੁਰਦੇ - ਖਾਕ ਕਰਦੇ ਤੇ ਸ਼ਾਨਦਾਰ ਮਕਬਰਾ ਤਾਮੀਰ ਕਰਾਉਂਦੇ।
















## ਕੀ ਭਾਜਪਾ ਨੇ ਮੂੰਹ ਨਹੀਂ ਲਗਾਇਆ ਇੰਦਰਾ ਗਾਂਧੀ ਦੇ ਤੀਜੇ ਪੁੱਤ ਨੂੰ?

# 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਦੰਗਾਕਾਰੀਆਂ ਦੀ ਅਗਵਾਈ ਕਰਨ ਦੇ ਦੋਸ਼ ਵੀ ਹਨ ਕਮਲ ਨਾਥ ਉਤੇ




ਨਵੀਂ ਦਿੱਲੀ-ਕਿਆਸ ਲਗਾਏ ਜਾ ਰਹੇ ਹਨ ਕਿ ਸੀਨੀਅਰ ਕਾਂਗਰਸੀ ਨੇਤਾ ਅਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਆਪਣੇ ਬੇਟੇ ਨਕੁਲ ਦੇ ਨਾਲ ਭਾਰਤੀ ਜਨਤਾ ਪਾਰਟੀ (ਭਾਜਪਾ) 'ਚ ਸ਼ਾਮਲ ਹੋਣ ਜਾ ਰਹੇ ਹਨ।ਪਰ ਲੱਗਦਾ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਕਮਲ ਨਾਥ ਨੂੰ ਤਵੱਜੋ ਨਹੀਂ ਦਿੱਤੀ, ਇਸ ਕਾਰਨ ਕਮਲ ਨਾਥ ਨੂੰ ਪੈਰ ਪਿੱਛੇ ਖਿੱਚਣੇ ਪਏ। ਇਸ ਤੋਂ ਪਹਿਲਾਂ ਇਸ ਕਾਂਗਰਸੀ ਲੀਡਰ ਬਾਰੇ ਮੀਡੀਆ ਵਿੱਚ ਇਹ ਖ਼ਬਰਾਂ ਗਰਮ ਸਨ ਕਿ ਕਮਲ ਨਾਥ ਆਪਣੇ ਬੇਟੇ ਅਤੇ ਕਈ ਹੋਰ ਸਮਰਥਕਾਂ ਨੂੰ ਲੈ ਦਿੱਲੀ ਪੁੱਜ ਗਏ ਹਨ ਅਤੇ ਭਾਜਪਾ ਵਿੱਚ ਸ਼ਾਮਲ ਹੋ ਸਕਦੇ ਹਨ। ਇਸ ਦਾ ਕਾਰਨ ਇਹ ਸੀ ਕਿ ਇਹ ਸੀਨੀਅਰ ਲੀਡਰ ਕਾਂਗਰਸ ਹਾਈ ਕਮਾਨ ਤੋਂ ਇਸ ਗੱਲ ਤੋਂ ਖ਼ਫ਼ਾ ਸੀ ਕਿ ਉਸ ਰਾਜ ਸਭਾ ਵਿੱਚ ਨਹੀਂ ਭੇਜਿਆ ਗਿਆ, ਮੱਧ ਪ੍ਰਦੇਸ਼ ਦੀ ਪ੍ਰਧਾਨਗੀ ਵੀ ਉਸ ਕੋਲੋਂ ਖੋਹ ਲਈ ਗਈ ਅਤੇ ਹਾਲ ਹੀ ਵਿੱਚ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਵਿੱਚ ਹੋਈ ਹਾਰ ਦਾ ਠੀਕਰਾ ਵੀ ਕਮਲ ਨਾਥ ਦੇ ਸਿਰ ਉੱਤੇ ਭੰਨਿਆ ਗਿਆ।

ਜ਼ਿਕਰਯੋਗ ਹੈ ਕਿ ਭਾਜਪਾ ਪਿਛਲੇ ਲੰਬੇ ਸਮੇਂ ਤੋਂ ਕਮਲਨਾਥ 'ਤੇ ਕਈ ਦੋਸ਼ ਲਗਾ ਰਹੀ ਹੈ। ਭਾਜਪਾ ਨੇ 1984 ਦੇ ਸਿੱਖ ਕਤਲੇਆਮ ਵਿੱਚ ਭੂਮਿਕਾ ਲਈ ਕਮਲਨਾਥ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਹੈ।

**ਜਦੋਂ 'ਵੱਡੇ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ**

31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਨ੍ਹਾਂ ਦੇ ਦੋ ਸਿੱਖ ਅੰਗ ਰੱਖਿਅਕਾਂ ਨੇ ਗੋਲੀ ਮਾਰ ਦਿੱਤੀ ਸੀ। ਉਨ੍ਹਾਂ ਨੇ ਸਾਕਾ ਨੀਲਾ ਤਾਰਾ ਦਾ ਬਦਲਾ ਲੈਣ ਲਈ ਅਜਿਹਾ ਕੀਤਾ ਸੀ। ਪ੍ਰਧਾਨ ਮੰਤਰੀ ਦੀ ਹੱਤਿਆ ਤੋਂ ਬਾਅਦ ਦੇਸ਼ ਵਿੱਚ ਕਤਲੇਆਮ ਦਾ ਦੌਰ ਸ਼ੁਰੂ ਹੋ ਗਿਆ, ਜੋ ਅਗਲੇ ਤਿੰਨ ਦਿਨਾਂ ਤੱਕ ਜਾਰੀ ਰਿਹਾ।

ਸਿੱਖ ਵਿਰੋਧੀ ਕਤਲੇਆਮ ਦਾ ਸਭ ਤੋਂ ਵੱਧ ਅਸਰ ਦਿੱਲੀ ਵਿੱਚ ਦੇਖਣ ਨੂੰ ਮਿਲਿਆ। ਭੀੜ ਨੇ ਲਗਭਗ 3,000 ਬੇਕਸੂਰ ਸਿੱਖਾਂ ਨੂੰ ਮਾਰ ਦਿੱਤਾ। ਨਾ ਸਿਰਫ ਕਾਂਗਰਸ ਪਾਰਟੀ ਦੇ ਨੇਤਾਵਾਂ 'ਤੇ ਹਿੰਸਾ ਨੂੰ ਭੜਕਾਉਣ ਅਤੇ ਭੀੜ ਦੀ ਅਗਵਾਈ ਕਰਨ ਦਾ ਦੋਸ਼ ਲਗਾਇਆ ਗਿਆ ਸੀ, ਬਲਕਿ ਬੇਕਸੂਰ ਸਿੱਖਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਲਈ ਸਟੇਟ ਮਸ਼ੀਨਰੀ ਦੀ ਵਰਤੋਂ ਵੀ ਕੀਤੀ ਗਈ ਸੀ।

ਸਿੱਖਾਂ ਦੇ ਕਤਲੇਆਮ ਤੋਂ ਬਾਅਦ 19 ਨਵੰਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਅਤੇ ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ ਬੋਟ ਕਲੱਬ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ, "ਜਦੋਂ ਕੋਈ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਥੋੜ੍ਹੀ ਜਿਹੀ ਹਿੱਲਦੀ ਹੈ। "

**ਕਮਲਨਾਥ ਅਤੇ ਗੁਰਦੁਆਰਾ ਰਕਾਬਗੰਜ ਵਿੱਚ ਹਿੰਸਾ**

1 ਨਵੰਬਰ, 1984 ਨੂੰ, ਲਗਭਗ 4,000 ਦੀ ਭੀੜ ਨੇ ਗੁਰਦੁਆਰਾ ਰਕਾਬਗੰਜ ਨੂੰ ਘੇਰ ਲਿਆ, ਜੋ ਸੰਸਦ ਭਵਨ (ਪੁਰਾਣਾ) ਦੇ ਬਿਲਕੁਲ ਨਾਲ ਸਥਿਤ ਹੈ। ਮਨੋਜ ਮਿੱਠਾ ਅਤੇ ਐੱਚ.ਐੱਸ. ਫੂਲਕਾ ਨੇ ਆਪਣੀ ਕਿਤਾਬ When a Tree Shook Delhi (2007) ਵਿੱਚ ਸਿੱਖ ਵਿਰੋਧੀ ਕਤਲੇਆਮ ਬਾਰੇ ਵਿਸਥਾਰ ਨਾਲ ਲਿਖਿਆ ਹੈ। ਭੀੜ ਨੇ ਰਕਾਬਗੰਜ ਗੁਰਦੁਆਰੇ ਵਿੱਚ ਕਈ ਤਰ੍ਹਾਂ ਦੀ ਹਿੰਸਾ ਕੀਤੀ। ਭੀੜ ਨੇ ਕਰੀਬ ਪੰਜ ਘੰਟੇ ਗੁਰਦੁਆਰੇ ਦਾ ਘਿਰਾਓ ਕੀਤਾ। ਭੀੜ ਨੇ ਗੁਰਦੁਆਰੇ ਅੰਦਰ ਸਿੱਖਾਂ 'ਤੇ ਪਥਰਾਅ ਕੀਤਾ। ਪੈਟਰੋਲ ਨਾਲ ਭਿਉਂ ਕੇ ਕੱਪੜੇ ਸੜ ਕੇ ਸੁੱਟ ਗਏ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਭੀੜ ਨੇ ਦੋ ਸਿੱਖਾਂ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਗੁੱਸੇ 'ਚ ਆਈ ਭੀੜ ਨੇ ਦੋਵੇਂ ਪਿਓ-ਪੁੱਤ ਨੂੰ ਗੁਰਦੁਆਰੇ ਦੇ ਗੇਟ 'ਤੇ ਜ਼ਿੰਦਾ ਸਾੜ ਦਿੱਤਾ, ਜਦਕਿ ਪੁਲਿਸ ਨੇ ਮੂਕ ਦਰਸ਼ਕ ਬਣੇ ਦੇਖਦੀ ਰਹੀ।

ਉਸ ਸਮੇਂ ਕਾਂਗਰਸੀ ਆਗੂ ਕਮਲਨਾਥ ਮੌਕੇ 'ਤੇ ਮੌਜੂਦ ਸੀ। ਮਿੱਠਾ ਅਤੇ ਫੂਲਕਾ ਨੇ ਲਿਖਿਆ, "ਹਿੰਸਾ ਵਾਲੀ ਥਾਂ 'ਤੇ ਕਮਲਨਾਥ ਦੀ ਮੌਜੂਦਗੀ ਦੀ ਪੁਸ਼ਟੀ ਦੋ ਸਭ ਤੋਂ ਸੀਨੀਅਰ ਪੁਲਿਸ ਅਧਿਕਾਰੀਆਂ, ਕਮਿਸ਼ਨਰ ਸੁਭਾਸ਼ ਟੰਡਨ ਅਤੇ ਵਧੀਕ ਕਮਿਸ਼ਨਰ ਗੌਤਮ ਕੌਲ ਨੇ ਕੀਤੀ ਹੈ। ਦ ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਸੰਜੇ ਸੂਰੀ ਦੁਆਰਾ ਵੀ ਇਸ ਨੂੰ ਸਹੀ ਦੱਸਿਆ ਹੈ।

2015 ਵਿੱਚ ਦਿ ਇੰਡੀਅਨ ਐਕਸਪ੍ਰੈਸ ਨਾਲ ਇੱਕ ਇੰਟਰਵਿਊ ਵਿੱਚ, ਸੂਰੀ ਨੇ ਰਕਾਬਗੰਜ ਦੇ ਬਾਹਰ ਦੇ ਦ੍ਰਿਸ਼ ਨੂੰ ਵਿਸਥਾਰ ਵਿੱਚ ਦੱਸਿਆ, "ਜਦੋਂ ਮੈਂ ਰਕਾਬਗੰਜ ਗੁਰਦੁਆਰੇ ਗਿਆ, ਤਾਂ ਬਾਹਰ ਭੀੜ ਸੀ ਅਤੇ ਉਹ ਵੱਧ ਰਹੀ ਸੀ। ਦੋ ਸਿੱਖ ਪਹਿਲਾਂ ਹੀ ਜ਼ਿੰਦਾ ਸਾੜ ਦਿੱਤੇ ਗਏ ਸਨ। ਮੈਂ ਸੜਕ 'ਤੇ ਭੀੜ ਨੂੰ ਗੁਰਦੁਆਰੇ ਵੱਲ ਵਧਦੇ ਦੇਖਿਆ। ਇਸ ਭੀੜ ਦੇ ਨਾਲ ਕਮਲਨਾਥ ਵੀ ਸੀ। ਭੀੜ ਅੱਗੇ ਵਧ ਰਹੀ ਸੀ ਤਾਂ ਕਮਲਨਾਥ ਨੇ ਹੱਥ ਖੜ੍ਹੇ ਕਰ ਦਿੱਤੇ ਤੇ ਉਹ ਰੁਕ ਗਏ। ਤੁਸੀਂ ਇਸ ਨੂੰ ਦੋ ਤਰੀਕਿਆਂ ਨਾਲ ਦੇਖ ਸਕਦੇ ਹੋ। ਪਹਿਲਾਂ ਉਸ ਨੇ ਭੀੜ ਨੂੰ ਰੋਕਿਆ। ਪਰ ਮੇਰਾ ਸਵਾਲ ਇਹ ਹੈ ਕਿ ਉਸ ਦਾ ਅਤੇ ਭੀੜ ਦਾ ਕੀ ਰਿਸ਼ਤਾ ਸੀ ਕਿ ਉਸ ਨੂੰ ਸਿਰਫ ਆਪਣਾ ਹੱਥ ਚੁੱਕਣਾ ਪਿਆ ਅਤੇ ਉਹ ਰੁਕ ਗਈ?

ਘਟਨਾ ਸਥਾਨ 'ਤੇ ਉਸਦੀ ਮੌਜੂਦਗੀ ਦੀ ਪੁਸ਼ਟੀ ਹੋਣ ਦੇ ਬਾਵਜੂਦ, ਕਮਲਨਾਥ ਵਿਰੁੱਧ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ ਅਤੇ ਜਾਂਚ ਵਿੱਚ ਉਸਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਜਸਟਿਸ ਰੰਗਨਾਥ ਮਿਸ਼ਰਾ ਕਮਿਸ਼ਨ ਨੇ ਨਾਥ ਸਮੇਤ ਸਾਰੇ ਸੀਨੀਅਰ ਕਾਂਗਰਸੀ ਆਗੂਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਸੇ ਕਮਿਸ਼ਨ ਨੇ 1985 ਵਿੱਚ ਹੋਈ ਹਿੰਸਾ ਦੀ ਜਾਂਚ ਕੀਤੀ ਸੀ।

ਹਾਲਾਂਕਿ, ਨਾਥ ਦਾ ਨਾਮ ਜਸਟਿਸ ਨਾਨਾਵਤੀ ਕਮਿਸ਼ਨ (2000-04) ਦੀ ਜਾਂਚ ਵਿੱਚ ਆਇਆ ਸੀ। ਕਮਿਸ਼ਨ ਅੱਗੇ ਪੇਸ਼ ਹੋ ਕੇ, ਨਾਥ ਨੇ ਆਪਣੀ ਮੌਜੂਦਗੀ ਨੂੰ ਸਵੀਕਾਰ ਕੀਤਾ ਪਰ ਸੂਰੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਉਸ ਦਾ ਭੀੜ 'ਤੇ ਕੋਈ "ਨਿਯੰਤਰਣ" ਸੀ। ਉਸਨੇ ਕਮਿਸ਼ਨ ਨੂੰ ਦੱਸਿਆ ਕਿ "ਜਦੋਂ ਉਹ ਗੁਰਦੁਆਰੇ ਦੇ ਨੇੜੇ ਸੀ, ਉਸਨੇ ਭੀੜ ਨੂੰ ਖਿੰਡਾਉਣ ਅਤੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਨਾ ਲੈਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਕਮਿਸ਼ਨਰ ਦੇ ਆਉਣ ਤੋਂ ਬਾਅਦ ਉਹ ਮੌਕੇ ਤੋਂ ਚਲਾ ਗਿਆ।


ਆਖ਼ਰਕਾਰ ਕਮਿਸ਼ਨ ਕਮਲਨਾਥ ਨੂੰ ਦੋਸ਼ੀ ਠਹਿਰਾਉਣ ਵਿੱਚ ਅਸਮਰੱਥ ਰਿਹਾ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, "ਠੋਸ ਸਬੂਤਾਂ ਦੀ ਅਣਹੋਂਦ ਵਿੱਚ, ਕਮਿਸ਼ਨ ਲਈ ਇਹ ਕਹਿਣਾ ਸੰਭਵ ਨਹੀਂ ਹੈ ਕਿ ਕਮਲਨਾਥ ਨੇ ਭੀੜ ਨੂੰ ਕਿਸੇ ਵੀ ਤਰੀਕੇ ਨਾਲ ਭੜਕਾਇਆ ਜਾਂ ਹਮਲੇ ਵਿੱਚ ਸ਼ਾਮਲ ਸੀ।"

ਕਮਲਨਾਥ ਨੇ ਲੰਬੇ ਸਮੇਂ ਤੋਂ ਦਾਅਵਾ ਕੀਤਾ ਹੈ ਕਿ ਨਾਨਾਵਤੀ ਕਮਿਸ਼ਨ ਦੁਆਰਾ ਉਸਨੂੰ "ਪੂਰੀ ਤਰ੍ਹਾਂ ਬਰੀ" ਕੀਤਾ ਗਿਆ ਸੀ। ਪਰ ਜਿਵੇਂ ਮਿੱਠਾ ਅਤੇ ਫੂਲਕਾ ਨੇ ਕਿਹਾ ਹੈ, ਨਾਨਾਵਤੀ ਕਮਿਸ਼ਨ ਨੇ ਉਨ੍ਹਾਂ ਨੂੰ ਸ਼ੱਕ ਦਾ ਲਾਭ ਦਿੱਤਾ ਹੈ।

## ਰੂਸ ਪੁਲਾੜ ਵਿੱਚ ਤਾਇਨਾਤ ਕਰਨ ਜਾ ਰਿਹਾ ਪ੍ਰਮਾਣੂ ਹਥਿਆਰ

# ਅਮਰੀਕਾ ਦੀ ਨੀਂਦ ਉੱਡੀ

### ਭਾਰਤ ਨੂੰ ਦਿੱਤੀ ਪੁਤਿਨ ਨੂੰ ਸਮਝਾਉਣ ਦੀ ਜ਼ਿੰਮੇਵਾਰੀ



ਨਵੀਂ ਦਿੱਲੀ – ਰੂਸ ਨੇ 2022 ਦੇ ਸ਼ੁਰੂ ਵਿੱਚ ਯੂਕਰੇਨ ਉੱਤੇ ਆਪਣੇ ਹਮਲੇ ਦੇ ਆਸ-ਪਾਸ ਕਈ ਗੁਪਤ ਸੈਨਿਕ ਉਪਗ੍ਰਹਿ ਲਾਂਚ ਕੀਤੇ ਸਨ। ਅਮਰੀਕੀ ਖ਼ੁਫੀਆ ਅਧਿਕਾਰੀਆਂ ਨੇ ਇਹ ਪਤਾ ਲਗਾਉਣਾ ਸ਼ੁਰੂ ਕਰ ਦਿੱਤਾ ਕਿ ਆਖ਼ਿਰ ਰੂਸੀਆਂ ਦਾ ਇਰਾਦਾ ਕੀ ਸੀ। ਬਾਅਦ 'ਚ ਖ਼ੁਫੀਆ ਏਜੰਸੀਆਂ ਨੂੰ ਪਤਾ ਲੱਗਾ ਕਿ ਰੂਸ ਪੁਲਾੜ 'ਚ ਤਾਇਨਾਤ ਕੀਤੇ ਜਾਣ ਵਾਲੇ ਨਵੇਂ ਤਰ੍ਹਾਂ ਦੇ ਹਥਿਆਰ 'ਤੇ ਕੰਮ ਕਰ ਰਿਹਾ ਹੈ। ਇਹ ਉਨ੍ਹਾਂ ਹਜ਼ਾਰਾਂ ਸੈਟੇਲਾਈਟਾਂ ਲਈ ਖਤਰਾ ਬਣ ਸਕਦਾ ਹੈ ਜੋ ਦੁਨੀਆ ਵਿੱਚ ਸੰਪਰਕ ਬਣਾਈ ਰੱਖਦੇ ਹਨ। ਪਿਛਲੇ ਕੁਝ ਹਫਤਿਆਂ 'ਚ ਅਮਰੀਕੀ ਖੁਫੀਆ ਏਜੰਸੀਆਂ ਨੇ ਇਕ ਨਵੀਂ ਚਿਤਾਵਨੀ ਜਾਰੀ ਕੀਤੀ ਹੈ। ਇਸ ਮੁਤਾਬਕ ਇਕ ਹੋਰ ਸੈਟੇਲਾਈਟ ਲਾਂਚ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਰੂਸ ਆਖ਼ਿਰ ਚਾਹੁੰਦਾ ਕੀ ਹੈ।

ਇਸ ਜਾਣਕਾਰੀ ਨੇ ਰਾਸ਼ਟਰਪਤੀ ਬਾਈਡੇਨ ਦੀ ਸਰਕਾਰ ਨੂੰ ਚਿੰਤਤ ਕਰ ਦਿੱਤਾ ਹੈ। ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਰੂਸ ਪੁਲਾੜ 'ਚ ਪ੍ਰਮਾਣੂ ਹਥਿਆਰ ਤਾਇਨਾਤ ਕਰਦਾ ਹੈ ਤਾਂ ਵੀ ਉਨ੍ਹਾਂ 'ਤੇ ਗੋਲੀਬਾਰੀ ਨਹੀਂ ਕੀਤੀ ਜਾਵੇਗੀ। ਇਸ ਦੀ ਬਜਾਏ ਇਹ ਧਰਤੀ ਦੇ ਹੇਠਲੀ ਸ਼੍ਰੇਣੀ ਵਿਚ ਇਕ ਟਾਈਮ ਬੰਬ ਵਾਂਗ ਮੰਡਰਾਂਦਾ ਰਹੇਗਾ। ਇਸ ਤਰ੍ਹਾਂ ਪੁਤਿਨ ਦੁਨੀਆ ਨੂੰ ਇਹ ਯਾਦ ਦਿਵਾਉਣਾ ਜਾਰੀ ਰੱਖੇਗਾ ਕਿ ਜੇ ਯੂਕਰੇਨ ਦੀਆਂ ਇੱਛਾਵਾਂ ਵਿਰੁੱਧ ਫੌਜੀ ਕਾਰਵਾਈ ਜਾਂ ਸਖਤ ਪਾਬੰਦੀਆਂ ਲਾਈਆਂ ਜਾਂਦੀਆਂ ਹਨ, ਤਾਂ ਉਹ ਧਰਤੀ 'ਤੇ ਮਨੁੱਖਾਂ ਨੂੰ ਨਿਸ਼ਾਨਾ ਬਣਾਏ ਬਿਨਾਂ ਆਰਥਿਕਤਾ ਨੂੰ ਤਬਾਹ ਕਰ ਸਕਦਾ ਹੈ।

ਅਨਿਸ਼ਚਿਤ ਸਥਿਤੀ ਦੇ ਬਾਵਜੂਦ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਚੀਨ ਅਤੇ ਭਾਰਤ ਦੇ ਵਿਦੇਸ਼ ਮੰਤਰੀਆਂ ਨਾਲ ਮੁਲਾਕਾਤ ਕਰਕੇ ਰੂਸ ਦੀ ਸੰਭਾਵਿਤ ਪਰਮਾਣੂ ਪਹਿਲਕਦਮੀ 'ਤੇ ਚਰਚਾ ਕੀਤੀ ਗਈ ਹੈ।

ਬਲਿੰਕਨ ਦਾ ਸੰਦੇਸ਼ ਬਹੁਤ ਸਪੱਸ਼ਟ ਸੀ। ਉਨ੍ਹਾਂ ਕਿਹਾ ਕਿ ਪੁਲਾੜ ਵਿੱਚ ਪਰਮਾਣੂ ਧਮਾਕਾ ਨਾ ਸਿਰਫ਼ ਅਮਰੀਕੀ ਸਗੋਂ ਭਾਰਤੀ ਅਤੇ ਚੀਨੀ ਉਪਗ੍ਰਹਿ ਵੀ ਤਬਾਹ ਕਰ ਦੇਵੇਗਾ।


ਬਲਿੰਕਨ ਨੇ ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀਆਂ ਨੂੰ ਕਿਹਾ ਹੈ ਕਿ ਪੁਤਿਨ ਨੇ ਸਪੱਸ਼ਟ ਤੌਰ 'ਤੇ ਅਮਰੀਕਾ ਪ੍ਰਤੀ ਆਪਣੀ ਨਫ਼ਰਤ ਦਾ ਪ੍ਰਗਟਾਵਾ ਕੀਤਾ ਹੈ, ਇਸ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਰਚਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹੀਦਾ ਹੈ। ਬਲਿੰਕਨ ਨੇ ਕਿਹਾ ਕਿ ਅਜਿਹੀ ਸਮਰੱਥਾ ਦਾ ਵਿਕਾਸ ਚਿੰਤਾ ਦਾ ਵਿਸ਼ਾ ਹੈ, ਅਮਰੀਕੀ ਵਿਦੇਸ਼ ਵਿਭਾਗ ਨੇ ਸ਼ਨੀਵਾਰ ਨੂੰ ਇੱਕ ਬਿਆਨ ਵਿੱਚ ਕਿਹਾ। ਇਹ ਅਸਪਸ਼ਟ ਹੈ ਕਿ ਬਲਿੰਕਨ ਨੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅਤੇ ਭਾਰਤ ਦੇ ਐਸ ਜੈਸ਼ੰਕਰ ਨੂੰ 2022 ਦੇ ਰੂਸੀ ਸੈਟੇਲਾਈਟ ਪ੍ਰੀਖਣਾਂ ਬਾਰੇ ਕਿੰਨੀ ਜਾਣਕਾਰੀ ਦਿੱਤੀ ਹੈ। ਅਮਰੀਕੀ ਅਧਿਕਾਰੀਆਂ ਨੇ ਕਿਹਾ, ਕੁਝ ਖੁਫੀਆ ਅਧਿਕਾਰੀਆਂ ਨੇ ਰੂਸੀ ਪ੍ਰੋਗਰਾਮ ਦਾ ਪਤਾ ਲਗਾਇਆ ਹੈ।

**ਇੰਟਰਨੈੱਟ ਅਤੇ ਮੋਬਾਈਲ ਫ਼ੋਨ ਬੰਦ ਰਹਿਣਗੇ**

ਅਮਰੀਕੀ ਅਧਿਕਾਰੀਆਂ ਅਤੇ ਬਾਹਰੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪੁਲਾੜ ਵਿੱਚ ਪ੍ਰਮਾਣੂ ਧਮਾਕਾ ਦੁਨੀਆ ਦੀ ਸੰਚਾਰ ਪ੍ਰਣਾਲੀ ਨੂੰ ਤਬਾਹ ਕਰ ਦੇਵੇਗਾ। ਐਮਰਜੈਂਸੀ ਸੇਵਾਵਾਂ ਤੋਂ ਲੈ ਕੇ ਮੋਬਾਈਲ ਫੋਨ, ਜਨਰੇਟਰ, ਪੰਪ ਬੰਦ ਰਹਿਣਗੇ। ਧਮਾਕੇ ਦਾ ਮਲਬਾ ਧਰਤੀ ਦੇ ਹੇਠਲੇ ਪੰਧ ਵਿੱਚ ਖਿੱਲਰ ਜਾਵੇਗਾ। ਇੰਟਰਨੈਟ ਸੰਚਾਰ ਵਿੱਚ ਵਰਤੇ ਜਾਂਦੇ ਸਟਾਰਲਿੰਕ ਸੈਟੇਲਾਈਟਾਂ ਅਤੇ ਜਾਸੂਸੀ ਸੈਟੇਲਾਈਟਾਂ ਸਮੇਤ ਹਰ ਚੀਜ਼ ਲਈ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ।

**1962 ਵਿੱਚ ਅਮਰੀਕੀ ਪਰੀਖਣ ਨੇ ਕੀਤਾ ਸੀ ਭਾਰੀ ਨੁਕਸਾਨ**

1967 ਦੀ ਬਾਹਰੀ ਪੁਲਾੜ ਸੰਧੀ ਤੋਂ ਪਹਿਲਾਂ ਅਮਰੀਕਾ ਅਤੇ ਸੋਵੀਅਤ ਸੰਘ ਨੇ ਪੁਲਾੜ ਵਿੱਚ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਕੀਤਾ ਸੀ। ਸੰਧੀ ਧਰਤੀ ਦੇ ਪੰਧ ਵਿੱਚ ਪ੍ਰਮਾਣੂ ਹਥਿਆਰਾਂ ਨੂੰ ਰੱਖਣ ਅਤੇ ਵਿਸਫੋਟ ਕਰਨ 'ਤੇ ਪਾਬੰਦੀ ਲਗਾਉਂਦੀ ਹੈ। 1962 ਵਿੱਚ ਪ੍ਰਸ਼ਾਂਤ ਮਹਾਸਾਗਰ ਵਿੱਚ ਜੌਹਨਸਟਨ ਟਾਪੂ ਤੋਂ ਕੀਤਾ ਗਿਆ ਅਮਰੀਕੀ ਪ੍ਰੀਖਣ ਬਹੁਤ ਨੁਕਸਾਨਦਾਇਕ ਸੀ। ਧਮਾਕੇ ਕਾਰਨ 300 ਕਿਲੋਮੀਟਰ ਤੱਕ ਵਾਯੂਮੰਡਲ ਵਿੱਚ ਫੈਲਣ ਕਾਰਨ ਹਵਾਈ ਵਿੱਚ ਇਲੈਕਟ੍ਰੋਨਿਕਸ ਅਤੇ ਟੈਲੀਫੋਨ ਸੇਵਾਵਾਂ ਵਿੱਚ ਵਿਘਨ ਪਿਆ। ਅੱਧੀ ਦਰਜਨ ਉਪਗ੍ਰਹਿ ਪੁਲਾੜ ਤੋਂ ਹੇਠਾਂ ਆ ਗਏ ਸਨ।



# ਬ੍ਰਿਟੇਨ-ਜਾਪਾਨ ਮੰਦੀ ਦੀ ਲਪੇਟ 'ਚ, ਆਸਟ੍ਰੇਲੀਆ 'ਚ ਬੇਰੁਜ਼ਗਾਰੀ ਸਿਖ਼ਰ 'ਤੇ, ਕੀ ਆਉਣ ਵਾਲੀ ਹੈ ਮਹਾਂਮੰਦੀ?

ਨਵੀਂ ਦਿੱਲੀ – ਦੁਨੀਆ 'ਚ ਇਕ ਵਾਰ ਫਿਰ ਮੰਦੀ ਦੀ ਆਹਟ ਨੇ ਦਸਤਕ ਦਿੱਤੀ ਹੈ। ਆਉਣ ਵਾਲੇ ਦਿਨਾਂ 'ਚ ਦੁਨੀਆ ਦੇ ਕਈ ਦੇਸ਼ ਮੰਦੀ 'ਚ ਜਾ ਸਕਦੇ ਹਨ। ਅਸੀਂ ਇਹ ਨਹੀਂ ਕਹਿ ਰਹੇ ਹਾਂ। ਇਹ ਅੰਕੜੇ ਦਰਸਾਉਂਦੇ ਹਨ ਕਿ ਮੰਦੀ ਨੇ ਇੱਕ ਵਾਰ ਫਿਰ ਦੁਨੀਆ ਨੂੰ ਘੇਰ ਲਿਆ ਹੈ। ਬ੍ਰਿਟੇਨ ਤੋਂ ਲੈ ਕੇ ਜਾਪਾਨ ਤੱਕ ਕਈ ਦੇਸ਼ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। ਆਸਟ੍ਰੇਲੀਆ 'ਚ ਬੇਰੁਜ਼ਗਾਰੀ ਆਪਣੇ ਸਿਖਰ 'ਤੇ ਹੈ। ਅਜਿਹੇ 'ਚ ਸਵਾਲ ਇਹ ਹੈ ਕਿ ਕੀ ਆਉਣ ਵਾਲੇ ਦਿਨਾਂ 'ਚ ਇਸ ਦਾ ਅਸਰ ਭਾਰਤ 'ਤੇ ਵੀ ਦੇਖਣ ਨੂੰ ਮਿਲੇਗਾ?

ਵਿਸ਼ਵ ਅਰਥਵਿਵਸਥਾ 'ਤੇ ਕੋਰੋਨਾ ਮਹਾਮਾਰੀ ਦਾ ਮਾੜਾ ਅਸਰ ਅਜੇ ਵੀ ਖਤਮ ਨਹੀਂ ਹੋਇਆ ਸੀ ਜਦੋਂ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਸ਼ੁਰੂ ਹੋ ਗਈ ਸੀ। ਇਸ ਨਾਲ ਨਾ ਸਿਰਫ ਦੁਨੀਆ 'ਚ ਈਂਧਨ ਦੀ ਸਮੱਸਿਆ ਵਧੀ ਸਗੋਂ ਮਹਿੰਗਾਈ ਨੂੰ ਵੀ ਸਿਖਰ 'ਤੇ ਲੈ ਗਿਆ। ਇਸ ਦਾ ਅਸਰ ਭਾਰਤ 'ਤੇ ਵੀ ਪੂਰੀ ਤਰ੍ਹਾਂ ਦਿਖਾਈ ਦਿੱਤਾ ਸੀ। ਫਿਰ ਇਸ ਤੋਂ ਬਾਅਦ ਇਜ਼ਰਾਈਲ ਅਤੇ ਹਮਾਸ ਵਿਚਾਲੇ ਟਕਰਾਅ ਸ਼ੁਰੂ ਹੋ ਗਿਆ ਅਤੇ ਈਰਾਨ ਵੀ ਇਸ ਵਿਚ ਕੁੱਦ ਗਿਆ। ਜੇਕਰ ਅਸੀਂ ਭਾਰਤ ਦੇ ਗੁਆਂਢੀ ਦੇਸ਼ਾਂ 'ਤੇ ਨਜ਼ਰ ਮਾਰੀਏ ਤਾਂ ਬੰਗਲਾਦੇਸ਼ ਨੂੰ ਛੱਡ ਕੇ ਪਾਕਿਸਤਾਨ, ਸ੍ਰੀਲੰਕਾ ਅਤੇ ਮਾਲਦੀਵ ਸਾਰੇ ਦੇਸ਼ਾਂ ਦੀ ਆਰਥਿਕ ਹਾਲਤ ਖ਼ਰਾਬ ਹੈ।

**ਮੰਦੀ ਦੀ ਲਪੇਟ 'ਚ ਪਹੁੰਚੇ ਜਾਪਾਨ ਅਤੇ ਬ੍ਰਿਟੇਨ**

ਬ੍ਰਿਟੇਨ ਨੂੰ ਪਿੱਛੇ ਛੱਡ ਕੇ ਭਾਰਤ ਦੁਨੀਆ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ ਅਤੇ ਜਾਪਾਨ ਨੂੰ ਪਿੱਛੇ ਛੱਡ ਕੇ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦਾ ਦਾਅਵਾ ਕਰ ਰਿਹਾ ਹੈ। ਇਹ ਦੋਵੇਂ ਦੇਸ਼ 2023 ਦੇ ਅੰਤ ਤੋਂ ਮੰਦੀ ਦੀ ਲਪੇਟ ਵਿੱਚ ਹਨ। ਬਲੂਮਬਰਗ ਦੀ ਇਕ ਰਿਪੋਰਟ ਮੁਤਾਬਕ ਲਗਾਤਾਰ ਦੋ ਤਿਮਾਹੀਆਂ ਤੋਂ ਦੋਹਾਂ ਦੇਸ਼ਾਂ ਦੀਆਂ ਆਰਥਿਕ ਗਤੀਵਿਧੀਆਂ 'ਚ ਗਿਰਾਵਟ ਆਈ ਹੈ, ਜਿਸ ਕਾਰਨ ਦਸੰਬਰ 2023 ਤੱਕ ਦੋਵਾਂ ਦੇਸ਼ਾਂ 'ਚ ਮੰਦੀ ਦਾ ਮਾਹੌਲ ਬਣ ਗਿਆ ਹੈ।

ਜੇ ਅਸੀਂ ਬ੍ਰਿਟੇਨ ਨੂੰ ਛੱਡ ਕੇ ਪੂਰੇ ਯੂਰਪ ਦੀ ਸਥਿਤੀ 'ਤੇ ਨਜ਼ਰ ਮਾਰੀਏ, ਤਾਂ ਯੂਰਪੀਅਨ ਕਮਿਸ਼ਨ ਦੇ ਅਨੁਸਾਰ, ਯੂਰੋ ਜ਼ੋਨ ਦੀ ਸ਼ੁਰੂਆਤ 2024 ਤੋਂ ਨਰਮ ਰਹੀ ਹੈ। ਆਰਥਿਕ ਵਿਕਾਸ ਦਰ ਉਮੀਦ ਨਾਲੋਂ ਘੱਟ ਹੈ।

**ਆਸਟ੍ਰੇਲੀਆ ਵਿਚ ਮੰਦੀ ਅਤੇ ਅਮਰੀਕਾ ਵਿਚ ਮਹਿੰਗਾਈ ਸਿਖਰ 'ਤੇ**

ਜੇਕਰ ਅਸੀਂ ਯੂਰਪ ਤੋਂ ਬਾਹਰ ਨਜ਼ਰ ਮਾਰੀਏ ਤਾਂ ਆਸਟ੍ਰੇਲੀਆ ਵਿਚ ਬੇਰੁਜ਼ਗਾਰੀ ਦੀ ਦਰ ਪਿਛਲੇ ਦੋ ਸਾਲਾਂ ਵਿਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਅਮਰੀਕਾ ਵਿਚ ਵੀ ਹਾਲਾਤ ਠੀਕ ਨਹੀਂ ਹਨ। ਜਨਵਰੀ ਦੇ ਸ਼ੁਰੂ ਵਿੱਚ ਇੱਥੇ ਖਪਤਕਾਰ ਮੁੱਲ ਸੂਚਕ ਅੰਕ ਨੇ ਵੱਡੀ ਛਾਲ ਮਾਰੀ ਹੈ ਅਤੇ ਮਹਿੰਗਾਈ ਦਰ ਵੀ ਬਹੁਤ ਉੱਚੀ ਹੈ।



# ਲੋਕਤੰਤਰ ਸੂਚਕਅੰਕ 'ਚ ਪੰਜ ਸਥਾਨ 'ਤੇ ਪਹੁੰਚਿਆ ਭਾਰਤ

ਨਵੀਂ ਦਿੱਲੀ: ਇਕਨਾਮਿਸਟ ਇੰਟੈਲੀਜੈਂਸ ਯੂਨਿਟ ਦੁਆਰਾ ਦੁਨੀਆ ਵਿਚ ਲੋਕਤੰਤਰ ਦੀ ਸਥਿਤੀ 'ਤੇ ਡੈਮੋਕਰੇਸੀ ਇੰਡੈਕਸ 2023 ਦੀ ਰਿਪੋਰਟ ਜਾਰੀ ਕੀਤੀ ਗਈ ਹੈ। ਭਾਰਤ ਪਿਛਲੇ ਸਾਲ ਦੇ ਮੁਕਾਬਲੇ ਪੰਜ ਅੰਕਾਂ ਦੇ ਸੁਧਾਰ ਨਾਲ ਸੂਚਕਾਂਕ ਵਿੱਚ 41ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਸਾਲ 2022 ਵਿੱਚ ਇਸ ਦਾ ਰੈਂਕ 46ਵਾਂ ਸੀ।



ਇਸ ਸੂਚਕਾਂਕ ਵਿੱਚ, ਦੇਸ਼ਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ: ਫੁੱਲ ਡੈ ਮੋ ਕ ਰੇ ਸੀ , ਫ ਲੱ ਡ ਡੈਮੋਕਰੇਸੀ, ਹਾਈਬ੍ਰਿਡ ਸ਼ਾਸਨ ਅਤੇ ਤਾਨਾਸ਼ਾਹੀ ਸ਼ਾਸਨ। ਸੂਚਕਾਂਕ ਵਿਚ ਨਾਰਵੇ, ਨਿਊਜ਼ੀਲੈਂਡ ਅਤੇ ਆਈਸਲੈਂਡ ਸਿਖਰ 'ਤੇ ਹਨ, ਜਦਕਿ ਉੱਤਰੀ ਕੋਰੀਆ, ਮਿਆਂਮਾਰ ਅਤੇ ਅਫਗਾਨਿਸਤਾਨ ਨੇ ਹੇਠਲੇ ਤਿੰਨ ਸਥਾਨਾਂ 'ਤੇ ਕਬਜ਼ਾ ਕੀਤਾ ਹੈ।

**ਹੜ੍ਹ ਨਾਲ ਭਰੇ ਲੋਕਤੰਤਰ ਦੀ ਸੂਚੀ ਵਿੱਚ ਭਾਰਤ**

ਭਾਰਤ ਨੂੰ ਉੱਭਰਦੇ ਲੋਕਤੰਤਰਾਂ ਦੀ ਇਸ ਸੂਚੀ ਵਿੱਚ ਰੱਖਿਆ ਗਿਆ ਹੈ ਜਿਨ੍ਹਾਂ ਨੇ ਆਰਥਕ ਆਰਥਿਕ ਵਿਕਾਸ ਦਿਖਾਇਆ ਹੈ ਅਤੇ ਵਿਸ਼ਵ ਆਰਥਿਕ ਸ਼ਕਤੀ ਵਿੱਚ ਤਬਦੀਲੀ ਨੂੰ ਦਰਸਾਇਆ ਹੈ। ਇਸ ਨੂੰ 7.8 ਦੇ ਸਕੋਰ ਨਾਲ 41ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਗੁਆਂਢੀ ਦੇਸ਼ ਚੀਨ 2.12 ਦੇ ਸਕੋਰ ਨਾਲ 148ਵੇਂ ਸਥਾਨ 'ਤੇ ਹੈ। ਇਸਨੂੰ ਤਾਨਾਸ਼ਾਹੀ ਸ਼ਾਸਨ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਸ ਦੇ ਨਾਲ ਹੀ ਪਾਕਿਸਤਾਨ ਵਿੱਚ ਲੋਕਤੰਤਰ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪਾ ਕਿ ਸ ਤਾ ਨ ਨੂੰ ਤਾਨਾਸ਼ਾਹੀ ਸ਼ਾਸਨ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਪਹਿਲਾਂ ਇਹ ਹਾਈਬ੍ਰਿਡ ਸ਼ਾਸਨ ਵਿੱਚ ਸੀ।

ਸੂਚਕਾਂਕ ਵਿੱਚ ਸ਼ਾਮਲ ਖੇਤਰ ਦੇ 28 ਦੇਸ਼ਾਂ ਵਿੱਚੋਂ, 15 ਨੇ ਆਪਣੇ ਸਕੋਰ ਵਿੱਚ ਗਿਰਾਵਟ ਦਰਜ ਕੀਤੀ ਹੈ। ਸਿਰਫ਼ ਅੱਠ ਨੇ ਹੀ ਸੁਧਾਰ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਲੋਕਤੰਤਰ ਸੂਚਕ ਅੰਕ 'ਤੇ ਪਾਕਿਸਤਾਨ ਦਾ ਸਕੋਰ 3.25 'ਤੇ ਆ ਗਿਆ। ਇਹ ਵਿਸ਼ਵ ਰੈਂਕਿੰਗ ਟੇਬਲ 'ਚ 11 ਸਥਾਨ ਡਿੱਗ ਕੇ 118ਵੇਂ ਸਥਾਨ 'ਤੇ ਆ ਗਿਆ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਚੋਣ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਅਤੇ ਸਰਕਾਰੀ ਨਪੁੰਸਕਤਾ ਨੇ ਪਾਕਿਸਤਾਨ ਵਿਚ ਨਿਆਂਪਾਲਿਕਾ ਦੀ ਆਜ਼ਾਦੀ ਵਿਚ ਵੱਡੀਆਂ ਰੁਕਾਵਟਾਂ ਪੈਦਾ ਕੀਤੀਆਂ ਹਨ।

## ਲਗਜ਼ਰੀ ਚੀਜ਼ਾਂ ਦੇ ਸ਼ੌਕੀਨ ਭਾਰਤੀ

# ਖ਼ਰੀਦੀਆਂ 2 ਹਜ਼ਾਰ ਕਰੋੜ ਰੁਪਏ ਦੀਆਂ ਵੱਡੇ ਬ੍ਰਾਂਡਾਂ ਦੀਆਂ ਘੜੀਆਂ

ਚੰਡੀਗੜ੍ਹ – ਭਾਰਤ ਪਿਛਲੇ ਸਾਲ ਤੋਂ ਇਕ ਸਥਾਨ ਉੱਪਰ ਆ ਕੇ ਦੁਨੀਆ ਦਾ 22ਵਾਂ ਸਭ ਤੋਂ ਵੱਡਾ ਸਵਿਸ ਘੜੀਆਂ ਦਾ ਦਰਾਮਦਕਾਰ ਬਣ ਗਿਆ ਹੈ। ਫੈੱਡਰੇਸ਼ਨ ਆਫ ਸਵਿਸ ਵਾਚ ਐਸੋਸੀਏਸ਼ਨ ਦੇ ਅੰਕੜੇ ਦਰਸਾਉਂਦੇ ਹਨ ਕਿ ਸਾਲ ਦੌਰਾਨ ਦਰਾਮਦ 2,093 ਕਰੋੜ ਰੁਪਏ ਤੱਕ ਪਹੁੰਚ ਗਈ, ਜੋ ਪਿਛਲੇ ਸਾਲ ਦੇ 1,500 ਕਰੋੜ ਰੁਪਏ ਤੋਂ ਵੱਧ ਹੈ।

### ਦਸੰਬਰ 'ਚ ਖਰੀਦੀਆਂ 179 ਕਰੋੜ ਰੁਪਏ ਦੀਆਂ ਘੜੀਆਂ

ਰਿਪੋਰਟ ਮੁਤਾਬਕ ਇਕੱਲੇ ਦਸੰਬਰ 'ਚ ਭਾਰਤੀਆਂ ਨੇ 179.74 ਕਰੋੜ ਰੁਪਏ ਦੀਆਂ ਸਵਿਸ ਘੜੀਆਂ ਖਰੀਦੀਆਂ, ਜੋ ਇਕ ਸਾਲ ਪਹਿਲਾਂ ਦੇ 135.26 ਕਰੋੜ ਰੁਪਏ ਦੇ ਮੁਕਾਬਲੇ 31 ਫੀਸਦੀ ਜ਼ਿਆਦਾ ਹਨ। ਹਾਲਾਂਕਿ ਭਾਰਤ ਅਜੇ ਵੀ ਅਮਰੀਕਾ ਵਰਗੇ ਅਮੀਰ ਦੇਸ਼ਾਂ ਤੋਂ ਪਿੱਛੇ ਹੈ। ਅਮਰੀਕਾ 2023 ਵਿਚ 4.16 ਅਰਬ ਸਵਿਸ ਫ੍ਰੈਂਕ ਯਾਨੀ 39,193 ਕਰੋੜ ਰੁਪਏ ਨਾਲ ਸਵਿਸ ਘੜੀਆਂ ਦਾ ਪਹਿਲਾ ਦਰਾਮਦਕਾਰ ਹੈ। ਦਿੱਲੀ ਸਥਿਤ ਲਗਜ਼ਰੀ ਟਾਈਮ ਪ੍ਰਾਈਵੇਟ ਲਿਮਟਿਡ ਦੇ ਸੰਸਥਾਪਕ ਅਸ਼ੋਕ ਗੋਇਲ ਨੇ ਕਿਹਾ ਕਿ ਲਗਭਗ ਸਾਰੇ ਚੰਗੇ ਬ੍ਰਾਂਡਾਂ ਦੀ ਦਰਾਮਦ ਵਧੀ ਹੈ। ਉਨ੍ਹਾਂ ਦੀ ਕੰਪਨੀ ਹਬਲੋਟ, ਟੈਗ ਹਿਊਰ ਅਤੇ ਜ਼ੈਨਿਥ ਸਮੇਤ ਬ੍ਰਾਂਡਾਂ ਦੀ ਵੰਡ ਕਰਦੀ ਹੈ। ਗੋਇਲ ਨੇ ਕਿਹਾ ਕਿ ਸਵਿਸ ਘੜੀਆਂ ਵਿਚੋਂ ਚੋਟੀ ਦੇ ਪੰਜ ਬ੍ਰਾਂਡਾਂ ਨੇ ਉੱਚ ਦਰਾਮਦ ਦੇ ਬਾਵਜੂਦ ਆਪਣੀ ਸਥਿਤੀ ਬਰਕਰਾਰ ਰੱਖੀ ਹੈ। ਸਮੁੱਚੇ ਬਾਜ਼ਾਰ ਵਿਚ ਪ੍ਰਚੂਨ ਵਿਕਰੇਤਾਵਾਂ 'ਚ ਸਪਲਾਈ ਦੀ ਬਹੁਤਾਤ ਦੇਖੀ ਗਈ ਹੈ।




### 10-15 ਲੱਖ ਰੁਪਏ ਦੀਆਂ ਘੜੀਆਂ ਵੇਚਣਾ ਆਸਾਨ

ਰੋਲੇਕਸ ਅਤੇ 16 ਹੋਰ ਲਗਜ਼ਰੀ ਘੜੀ ਬ੍ਰਾਂਡਾਂ ਲਈ ਮੁੰਬਈ ਵਿਚ ਇਕ ਬੁਟੀਕ ਚਲਾਉਣ ਵਾਲੇ ਵਿਰਲ ਰਾਜਨ ਅਨੁਸਾਰ, ਭਾਰਤ ਵਿਚ ਸਿਰਫ 0.5 ਫੀਸਦੀ ਲੋਕ ਲਗਜ਼ਰੀ ਬ੍ਰਾਂਡ ਖਰੀਦ ਰਹੇ ਹਨ ਪਰ ਉਸ ਖੇਤਰ ਵਿਚ ਵੀ ਹੁਣ ਬਹੁਤ ਵਾਧਾ ਹੋਇਆ ਹੈ। ਦਰਅਸਲ ਹੁਣ 3-5 ਲੱਖ ਰੁਪਏ ਦੀਆਂ ਘੜੀਆਂ ਦੇ ਮੁਕਾਬਲੇ 10-15 ਲੱਖ ਰੁਪਏ ਤੋਂ ਉੱਪਰ ਦੀਆਂ ਘੜੀਆਂ ਨੂੰ ਰਿਟੇਲ ਕਰਨਾ ਆਸਾਨ ਲੱਗਦਾ ਹੈ। ਇਹ ਗਾਹਕ ਦੀ ਖੁਸ਼ਹਾਲੀ ਨੂੰ ਵੀ ਦਰਸਾਉਂਦਾ ਹੈ। ਅੰਕੜਿਆਂ ਮੁਤਾਬਕ ਦਸੰਬਰ 'ਚ ਬਾਇਮੈਟਲ ਨਾਲ ਬਣੀਆਂ ਘੜੀਆਂ ਦਾ ਦੁਨੀਆ ਭਰ 'ਚ ਵਿਕਰੀ ਮੁੱਲ 21.8 ਫੀਸਦੀ ਅਤੇ ਮਾਤਰਾ 'ਚ 28.5 ਫੀਸਦੀ ਵਧੀ ਹੈ। ਸੋਨੇ ਵਰਗੀਆਂ ਕੀਮਤੀ ਧਾਤਾਂ ਨਾਲ ਬਣੀਆਂ ਘੜੀਆਂ ਦੀ ਵਿਕਰੀ ਦੀ ਕੀਮਤ ਮਹੀਨੇ ਦੌਰਾਨ 8.9 ਫੀਸਦੀ ਵਧੀ ਹੈ। ਹੋਰ ਸਮੱਗਰੀ ਨਾਲ ਬਣੀਆਂ ਘੜੀਆਂ ਦੀ ਸ਼੍ਰੇਣੀ ਵਿਚ 6.1 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸਵਿਸ ਘੜੀਆਂ ਦੀ ਕੁੱਲ ਵਿਕਰੀ 7.2 ਫੀਸਦੀ ਜਾਂ 10 ਲੱਖ ਤੋਂ ਵੱਧ ਵਸਤੂਆਂ ਦੇ ਵਾਧੇ ਨਾਲ 17.9 ਮਿਲੀਅਨ ਤੱਕ ਪਹੁੰਚ ਗਈ ਹੈ ।

### ਲਗਜ਼ਰੀ ਬ੍ਰਾਂਡਾਂ ਦੇ ਹੋਰ ਆਊਟਲੈੱਟ ਖੁੱਲ੍ਹਣ ਦੀ ਉਮੀਦ

ਰੀਅਲ ਅਸਟੇਟ ਡਿਵੈੱਲਪਮੈਂਟ ਕੰਪਨੀ ਦੀ ਰਿਟੇਲ ਸ਼ਾਖਾ ਡੀ. ਐੱਲ. ਐੱਫ. ਰਿਟੇਲ ਦੇ ਸੀਨੀਅਰ ਕਾਰਜਕਾਰੀ ਨਿਰਦੇਸ਼ਕ ਪੁਸ਼ਪਾ ਬੈਕਟਰ ਦੇ ਹਵਾਲੇ ਨਾਲ ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਘੜੀਆਂ ਦੇ ਕਾਰੋਬਾਰ ਨੇ ਸਾਲ 2023 ਵਿਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ, ਖਾਸ ਕਰ ਕੇ ਲਗਜ਼ਰੀ ਬਾਜ਼ਾਰ ਵਿਚ। ਲੋਕ ਲਗਜ਼ਰੀ ਬ੍ਰਾਂਡ ਖਰੀਦਣ ਦੀ ਇੱਛਾ ਰੱਖਦੇ ਹਨ ਅਤੇ ਉਮੀਦ ਕੀਤੀ ਜਾਂਦੀ ਹੈ ਕਿ 2024 ਵਿਚ ਲਗਜ਼ਰੀ ਬ੍ਰਾਂਡਾਂ ਲਈ ਹੋਰ ਵਿਸ਼ੇਸ਼ ਬ੍ਰਾਂਡ ਆਉਟਲੈੱਟ ਖੁੱਲ੍ਹਣਗੇ। ਅਜਿਹਾ ਇਸ ਲਈ ਹੈ ਕਿਉਂਕਿ ਇਨ੍ਹਾਂ ਵਿਚੋਂ ਕੁਝ ਬ੍ਰਾਂਡ ਮਲਟੀ-ਬ੍ਰਾਂਡ ਆਉਟਲੈੱਟ ਫਾਰਮੈੱਟ ਵਿਚ ਬਹੁਤ ਸਫਲ ਹਨ ਅਤੇ ਉਹ ਹੁਣ ਗਾਹਕਾਂ ਲਈ ਇਕ ਵਿਸ਼ੇਸ਼ ਮੌਜੂਦਗੀ ਚਾਹੁੰਦੇ ਹਨ।




# ਕੀ ਹੈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ?

## ਸਰਕਾਰਾਂ MSP 'ਤੇ C2+50% ਫਾਰਮੂਲੇ ਤੋਂ ਕਿਉਂ ਬਚ ਰਹੀਆਂ ਹਨ?

ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕਿਸਾਨ ਇੱਕ ਵਾਰ ਫਿਰ ਸੜਕਾਂ 'ਤੇ ਹਨ। ਦੋ ਸੰਗਠਨਾਂ-ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਮੰਗਲਵਾਰ ਨੂੰ 'ਦਿੱਲੀ ਚਲੋ ਮਾਰਚ' ਦਾ ਸੱਦਾ ਦਿੱਤਾ ਸੀ। ਇਸ ਦੇ ਮੱਦੇਨਜ਼ਰ ਦਿੱਲੀ ਦੀਆਂ ਸਾਰੀਆਂ ਸਰਹੱਦਾਂ ਨੂੰ ਸੀਲ ਕਰ ਦਿੱਤਾ ਗਿਆ ਹੈ।

ਦਿੱਲੀ ਨੂੰ ਆਉਣ ਵਾਲੀਆਂ ਸਾਰੀਆਂ ਸਰਹੱਦਾਂ ਨੂੰ ਛਾਉਣੀਆਂ ਵਿੱਚ ਤਬਦੀਲ ਕਰ ਦਿੱਤਾ ਗਿਆ। ਬੈਰੀਕੇਡਿੰਗ ਕੀਤੀ ਗਈ ਹੈ। ਡਰੋਨ ਰਾਹੀਂ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਦੌਰਾਨ ਸ਼ੰਭੂ ਸਰਹੱਦ ਤੋਂ ਲੈ ਕੇ ਜੀਂਦ ਸਰਹੱਦ ਤੱਕ ਕਿਸਾਨਾਂ ਅਤੇ ਪੁਲਿਸ ਵਿਚਾਲੇ ਝੜਪਾਂ ਚੱਲ ਰਹੀਆਂ ਹਨ। ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਰੋਕਣ ਲਈ ਅੱਥਰੂ ਗੈਸ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ ਜਾ ਰਹੀਆਂ ਹਨ।

ਕਿਸਾਨਾਂ ਦਾ ਮਕਸਦ ਸੰਸਦ ਭਵਨ ਦਾ ਘਿਰਾਓ ਕਰਕੇ ਸਰਕਾਰ 'ਤੇ ਆਪਣੀਆਂ ਮੰਗਾਂ ਮੰਨਣ ਲਈ ਦਬਾਅ ਬਣਾਉਣਾ ਸੀ। ਪਰ ਪੁਲਿਸ ਨੇ ਸਰਹੱਦਾਂ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ।

ਪ੍ਰਦਰਸ਼ਨਕਾਰੀ ਕਿਸਾਨਾਂ ਦੀ ਸਭ ਤੋਂ ਵੱਡੀ ਮੰਗ ਐਮਐਸਪੀ ਭਾਵ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨੀ ਗਾਰੰਟੀ ਹੈ। ਕਿਸਾਨ ਘੱਟੋ-ਘੱਟ ਸਮਰਥਨ ਮੁੱਲ 'ਤੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਮੰਗ ਵੀ ਕਰ ਰਹੇ ਹਨ। ਆਲ ਇੰਡੀਆ ਕਿਸਾਨ ਸਭਾ ਦਾ ਕਹਿਣਾ ਹੈ ਕਿ ਸਰਕਾਰ ਨੇ ਸਵਾਮੀਨਾਥਨ ਨੂੰ ਭਾਰਤ ਰਤਨ ਦਿੱਤਾ, ਪਰ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨਹੀਂ ਮੰਨੀਆਂ।

ਕਿਸਾਨ ਜਥੇਬੰਦੀਆਂ ਦਾ ਦਾਅਵਾ ਹੈ ਕਿ ਸਰਕਾਰ ਨੇ ਉਨ੍ਹਾਂ ਨਾਲ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਬਾਰੇ ਕਾਨੂੰਨ ਲਿਆਉਣ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਅਜਿਹਾ ਨਹੀਂ ਹੋਇਆ।

ਸਵਾਮੀਨਾਥਨ ਕਮਿਸ਼ਨ ਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀ ਲਾਗਤ ਦਾ ਡੇਢ ਗੁਣਾ ਭੁਗਤਾਨ ਕਰਨ ਦੀ ਸਿਫਾਰਸ਼ ਕੀਤੀ ਸੀ। ਕਮਿਸ਼ਨ ਦੀ ਰਿਪੋਰਟ ਨੂੰ 18 ਸਾਲ ਬੀਤ ਚੁੱਕੇ ਹਨ, ਪਰ ਘੱਟੋ-ਘੱਟ ਸਮਰਥਨ ਮੁੱਲ ਦੀਆਂ ਸਿਫ਼ਾਰਸ਼ਾਂ ਅਜੇ ਤੱਕ ਲਾਗੂ ਨਹੀਂ ਕੀਤੀਆਂ ਗਈਆਂ ਹਨ। ਇਹ ਵੀ ਕਿਸਾਨਾਂ ਦੇ ਵਾਰ-ਵਾਰ ਅੰਦੋਲਨਾਂ ਦਾ ਇੱਕ ਵੱਡਾ ਕਾਰਨ ਹੈ।

### ਕੀ ਹੈ ਸਵਾਮੀਨਾਥਨ ਕਮਿਸ਼ਨ?

ਕਿਸਾਨਾਂ ਦੇ ਰੋਹ ਦਾ ਖਾਮਿਆਜ਼ਾ ਹਾਕਮ ਧਿਰ ਨੂੰ ਭੁਗਤਣਾ ਪਿਆ ਹੈ। ਇੰਦਰਾ ਗਾਂਧੀ ਤੋਂ ਲੈ ਕੇ ਅਟਲ ਬਿਹਾਰੀ ਵਾਜਪਾਈ ਤੱਕ ਦੀਆਂ ਸਰਕਾਰਾਂ ਨੇ ਕਿਸਾਨਾਂ ਦੇ ਗੁੱਸੇ ਦੀ ਮਾਰ ਝੱਲੀ ਹੈ।

ਵਾਜਪਾਈ ਸਰਕਾਰ ਦੇ ਜਾਣ ਤੋਂ ਬਾਅਦ ਜਦੋਂ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਯੂਪੀਏ ਸਰਕਾਰ ਬਣੀ ਤਾਂ ਨਵੰਬਰ 2004 ਵਿੱਚ ਐਮਐਸ ਸਵਾਮੀਨਾਥਨ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਬਣਾਈ ਗਈ। ਇਸ ਦਾ ਨਾਂ 'ਨੈਸ਼ਨਲ ਕਮਿਸ਼ਨ ਆਨ ਫਾਰਮਰਜ਼' ਰੱਖਿਆ ਗਿਆ।

ਸਵਾਮੀਨਾਥਨ ਕਮਿਸ਼ਨ ਨੂੰ ਕਿਸਾਨਾਂ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਲੱਭਣ ਦੀ ਜ਼ਿੰਮੇਵਾਰੀ ਲਗਾਈ ਗਈ। ਦਸੰਬਰ 2004 ਤੋਂ ਅਕਤੂਬਰ 2006 ਦਰਮਿਆਨ ਕਮਿਸ਼ਨ ਨੇ 6 ਰਿਪੋਰਟਾਂ ਤਿਆਰ ਕੀਤੀਆਂ ਸਨ।

ਕਮਿਸ਼ਨ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕਈ ਸਿਫ਼ਾਰਸ਼ਾਂ ਕੀਤੀਆਂ ਸਨ। ਇਸ ਵਿੱਚ ਐਮਐਸਪੀ ਬਾਰੇ ਵੀ ਸਿਫ਼ਾਰਿਸ਼ਾਂ ਕੀਤੀਆਂ ਗਈਆਂ ਸਨ।

### MSP 'ਤੇ ਕੀ ਸਨ ਸਿਫਾਰਿਸ਼ਾਂ?


ਸਵਾਮੀਨਾਥਨ ਕਮਿਸ਼ਨ ਨੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦੀ ਲਾਗਤ ਦਾ 50 ਫੀਸਦੀ ਵੱਧ ਦੇਣ ਦੀ ਸਿਫਾਰਿਸ਼ ਕੀਤੀ ਸੀ। ਫਸਲ ਦੀ ਲਾਗਤ ਨੂੰ ਤਿੰਨ ਭਾਗਾਂ - A2, A2+FL ਅਤੇ C2 ਵਿੱਚ ਵੰਡਿਆ ਗਿਆ ਸੀ।

A2 ਲਾਗਤ ਵਿੱਚ ਫਸਲ ਦੇ ਉਤਪਾਦਨ ਵਿੱਚ ਕੀਤੇ ਗਏ ਸਾਰੇ ਨਕਦ ਖਰਚੇ ਸ਼ਾਮਲ ਹੁੰਦੇ ਹਨ। ਇਸ ਵਿੱਚ ਬੀਜਾਂ, ਖਾਦਾਂ ਅਤੇ ਰਸਾਇਣਾਂ ਤੋਂ ਲੈ ਕੇ ਮਜ਼ਦੂਰੀ, ਤੇਲ ਅਤੇ ਸਿੰਚਾਈ ਤੱਕ ਦੇ ਖਰਚੇ ਸ਼ਾਮਲ ਹਨ।

A2+FL ਵਿੱਚ, ਫਸਲ ਉਤਪਾਦਨ ਦੀ ਕੁੱਲ ਲਾਗਤ ਦੇ ਨਾਲ, ਪਰਿਵਾਰ ਦੇ ਮੈਂਬਰਾਂ ਦੀ ਮਜ਼ਦੂਰੀ ਦੀ ਅੰਦਾਜ਼ਨ ਲਾਗਤ ਵੀ ਜੋੜੀ ਜਾਂਦੀ ਹੈ।

ਜਦੋਂ ਕਿ, C2 ਵਿੱਚ ਉਤਪਾਦਨ 'ਤੇ ਖਰਚੇ ਜਾਣ ਵਾਲੇ ਨਕਦ ਅਤੇ ਗੈਰ-ਨਕਦ ਪੈਸੇ ਦੇ ਨਾਲ, ਜ਼ਮੀਨ 'ਤੇ ਕਿਰਾਏ ਦੇ ਕਿਰਾਏ 'ਤੇ ਵਿਆਜ ਅਤੇ ਖੇਤੀ ਨਾਲ ਸਬੰਧਤ ਹੋਰ ਚੀਜ਼ਾਂ ਵੀ ਸ਼ਾਮਲ ਹਨ।

ਸਵਾਮੀਨਾਥਨ ਕਮਿਸ਼ਨ ਨੇ ਸੀ2 ਦੀ ਲਾਗਤ ਵਿਚ ਡੇਢ ਗੁਣਾ ਯਾਨੀ 50 ਫੀਸਦੀ ਹੋਰ ਜੋੜ ਕੇ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਸਿਫਾਰਿਸ਼ ਕੀਤੀ ਸੀ।



### ਇਸ ਨਾਲ ਕੀ ਫਰਕ ਪਵੇਗਾ?

ਜੇਕਰ ਮੋਟੇ ਤੌਰ 'ਤੇ ਦੇਖਿਆ ਜਾਵੇ ਤਾਂ ਕਣਕ ਦੀ ਫਸਲ 'ਤੇ ਹੀ 350 ਰੁਪਏ ਪ੍ਰਤੀ ਕੁਇੰਟਲ ਤੋਂ ਜ਼ਿਆਦਾ ਦਾ ਫਰਕ ਨਜ਼ਰ ਆਵੇਗਾ। ਕਿਸੇ ਵੀ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ ਦਾ ਫੈਸਲਾ ਖੇਤੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ (CACP) ਦੁਆਰਾ ਕੀਤਾ ਜਾਂਦਾ ਹੈ।

ਸੀਏਸੀਪੀ ਦੀ ਰਿਪੋਰਟ ਦੇ ਅਨੁਸਾਰ, 2023-24 ਲਈ ਕਣਕ ਦੀ ਫਸਲ ਦੀ ਪ੍ਰਤੀ ਕੁਇੰਟਲ ਏ2 ਦੀ ਲਾਗਤ 903 ਰੁਪਏ, ਏ2+ਐਫਐੱਲ ਦੀ ਕੀਮਤ 1,128 ਰੁਪਏ ਅਤੇ ਸੀ2 ਦੀ ਲਾਗਤ 1,652 ਰੁਪਏ ਸੀ। ਜਦੋਂ ਕਿ, 2023-24 ਲਈ, ਪ੍ਰਤੀ ਕੁਇੰਟਲ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2,125 ਰੁਪਏ ਤੈਅ ਕੀਤਾ ਗਿਆ ਸੀ।

ਜੇਕਰ ਸਵਾਮੀਨਾਥਨ ਕਮਿਸ਼ਨ ਦਾ C2+50% ਦਾ ਫਾਰਮੂਲਾ ਅਪਣਾਇਆ ਜਾਂਦਾ ਹੈ, ਤਾਂ ਕਣਕ ਦਾ ਪ੍ਰਤੀ ਕੁਇੰਟਲ MSP 1,652+826= 2,478 ਰੁਪਏ ਹੋਵੇਗਾ। ਇਸ ਅਨੁਸਾਰ, 2023-24 ਲਈ ਨਿਰਧਾਰਤ ਐਮਐਸਪੀ 'ਤੇ 353 ਰੁਪਏ ਦਾ ਅੰਤਰ ਹੈ।

### ਹੁਣ ਕੀ ਹੁੰਦਾ ਹੈ?

CACP ਵਰਤਮਾਨ ਵਿੱਚ 23 ਕਿਸਮਾਂ ਦੀਆਂ ਫਸਲਾਂ 'ਤੇ MSP ਦਾ ਫੈਸਲਾ ਕਰਦਾ ਹੈ। ਇਸ ਵਿੱਚ ਸਰਕਾਰ ਗੰਨੇ ਦੀ ਖਰੀਦ ਨਹੀਂ ਕਰਦੀ। ਖੰਡ ਮਿੱਲਾਂ ਗੰਨਾ ਖਰੀਦਦੀਆਂ ਹਨ।

ਘੱਟੋ-ਘੱਟ ਸਮਰਥਨ ਮੁੱਲ ਇਕ ਤਰ੍ਹਾਂ ਨਾਲ ਫਸਲ ਦੀ ਗਾਰੰਟੀਸ਼ੁਦਾ ਕੀਮਤ ਹੈ, ਜੋ ਕਿਸਾਨਾਂ ਨੂੰ ਮਿਲਦੀ ਹੈ। ਭਾਵੇਂ ਮੰਡੀ ਵਿੱਚ ਉਸ ਫ਼ਸਲ ਦੀ ਕੀਮਤ ਘੱਟ ਹੋਵੇ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਮੰਡੀ ਵਿੱਚ ਫਸਲਾਂ ਦੇ ਭਾਅ ਵਿੱਚ ਉਤਰਾਅ-ਚੜ੍ਹਾਅ ਦਾ ਕਿਸਾਨਾਂ 'ਤੇ ਕੋਈ ਅਸਰ ਨਾ ਪਵੇ।

ਵਰਤਮਾਨ ਵਿੱਚ, ਫਸਲਾਂ 'ਤੇ CACP ਦੁਆਰਾ ਨਿਰਧਾਰਤ ਕੀਤਾ ਗਿਆ MSP A2+FL ਦੀ ਲਾਗਤ 'ਤੇ ਅਧਾਰਤ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ MSP A2+FL ਦੀ ਲਾਗਤ ਤੋਂ ਵੱਧ ਦਿੱਤਾ ਜਾਂਦਾ ਹੈ।

ਸਰਕਾਰ MSP 'ਤੇ ਕਿੰਨੀ ਖਰੀਦ ਕਰਦੀ ਹੈ?

ਪਿਛਲੇ ਹਫ਼ਤੇ ਹੀ ਕੇਂਦਰ ਸਰਕਾਰ ਵੱਲੋਂ ਇਸ ਸਬੰਧੀ ਅੰਕੜੇ ਜਾਰੀ ਕੀਤੇ ਗਏ ਸਨ। ਸਰਕਾਰ ਨੇ ਕਿਹਾ ਸੀ ਕਿ 2022-23 'ਚ ਘੱਟੋ-ਘੱਟ ਸਮਰਥਨ ਮੁੱਲ 'ਤੇ ਲਗਭਗ 1,063 ਲੱਖ ਟਨ ਅਨਾਜ ਖਰੀਦਿਆ ਗਿਆ ਸੀ। ਜਦੋਂ ਕਿ 2014-15 ਵਿੱਚ 761 ਲੱਖ ਟਨ ਦੀ ਖਰੀਦ ਕੀਤੀ ਗਈ ਸੀ।

ਇਸ ਸਮੇਂ ਦੌਰਾਨ, ਐਮਐਸਪੀ 'ਤੇ ਸਰਕਾਰ ਦਾ ਖਰਚ ਵੀ ਲਗਭਗ ਦੁੱਗਣਾ ਹੋ ਗਿਆ ਹੈ। 2014-15 'ਚ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਦੀ ਖਰੀਦ 'ਤੇ 1.06 ਲੱਖ ਕਰੋੜ ਰੁਪਏ ਖਰਚ ਕੀਤੇ। 2022-23 ਵਿੱਚ 2.28 ਲੱਖ ਕਰੋੜ ਰੁਪਏ ਖਰਚ ਕੀਤੇ ਗਏ।

ਜੇਕਰ ਸਵਾਮੀਨਾਥਨ ਕਮਿਸ਼ਨ ਦੇ C2+50% ਫਾਰਮੂਲੇ 'ਤੇ ਗਾਰੰਟੀ ਅਤੇ MSP ਪ੍ਰਦਾਨ ਕਰਨ ਲਈ ਕਾਨੂੰਨ ਲਿਆਂਦਾ ਜਾਂਦਾ ਹੈ ਤਾਂ ਸਰਕਾਰ ਦਾ ਖਰਚਾ ਲੱਖਾਂ ਕਰੋੜਾਂ ਤੱਕ ਵਧ ਜਾਵੇਗਾ। ਅੰਦਾਜ਼ਾ ਹੈ ਕਿ ਜੇਕਰ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੇਣ ਵਾਲਾ ਕਾਨੂੰਨ ਲਾਗੂ ਹੋ ਜਾਂਦਾ ਹੈ, ਤਾਂ ਖਰਚਾ ਸਾਲਾਨਾ 10 ਲੱਖ ਕਰੋੜ ਰੁਪਏ ਵਧੇਗਾ।

## ਕਿਸਾਨ ਅੰਦੋਲਨ: ਹੋਵੇਗਾ 50,000 ਕਰੋੜ ਰੁਪਏ ਦੇ ਕਾਰੋਬਾਰ ਦਾ ਨੁਕਸਾਨ

ਨਵੀਂ ਦਿੱਲੀ – ਕਿਸਾਨਾਂ ਦਾ ਮੁੱਦਾ ਜ਼ੋਰ ਫੜਦਾ ਜਾ ਰਿਹਾ ਹੈ। ਜੇ ਇਹ ਅੰਦੋਲਨ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਪਿਛਲੀ ਵਾਰ ਵਾਂਗ ਇਸ ਵਾਰ ਵੀ ਕਰੀਬ 50,000 ਕਰੋੜ ਰੁਪਏ ਦੇ ਕਾਰੋਬਾਰ ਦਾ ਨੁਕਸਾਨ ਹੋ ਸਕਦਾ ਹੈ। ਇਹ ਕਹਿਣਾ ਹੈ ਦੇਸ਼ ਦੇ ਕਾਰੋਬਾਰੀਆਂ ਦੀ ਸੰਸਥਾ ਕਨਫੈੱਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਦਾ। ਇਕ ਇੰਟਰਵਿਊ 'ਚ ਕੈਟ ਦੇ ਕੌਮੀ ਜਨਰਲ ਸਕੱਤਰ ਪ੍ਰਵੀਨ ਖੰਡੇਲਵਾਲ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਵਿਚ ਆਉਣ ਵਾਲੇ ਅਤੇ ਦਿੱਲੀ ਤੋਂ ਬਾਹਰ ਜਾਣ ਵਾਲੇ ਮਾਲ ਦੀ ਆਵਾਜਾਈ 'ਚ ਕੋਈ ਰੁਕਾਵਟ ਨਾ ਆਵੇ, ਇਸ ਲਈ ਸਰਕਾਰ ਜ਼ਰੂਰੀ ਵਿਵਸਥਾ ਕਰੇ ਅਤੇ ਕਿਸਾਨਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਵੀ ਇਸ ਗੱਲ ਨੂੰ ਯਕੀਨੀ ਕਰਨ।

ਖੰਡੇਲਵਾਲ ਦਾ ਕਹਿਣਾ ਹੈ ਕਿ ਆਪਣੇ ਮੁੱਦਿਆਂ ਲਈ ਆਵਾਜ਼ ਉਠਾਉਣਾ ਸਾਰਿਆਂ ਦਾ ਲੋਕਤੰਤਰਿਕ ਅਧਿਕਾਰ ਹੈ ਪਰ ਆਵਾਜ਼ ਉਠਾਉਣ ਵਾਲਿਆਂ ਦਾ ਇਹ ਫਰਜ਼ ਹੈ ਕਿ ਉਨ੍ਹਾਂ ਦੇ ਆਵਾਜ਼ ਉਠਾਉਣ ਦੇ ਤਰੀਕੇ ਨਾਲ ਕਿਸੇ ਹੋਰ ਦੇ ਲੋਕਤੰਤਰਿਕ ਅਧਿਕਾਰਾਂ ਦਾ ਉਲੰਘਣਾ ਨਹੀਂ ਹੋਣੀ ਚਾਹੀਦੀ। ਇਸ ਸੰਦਰਭ ਵਿਚ ਕਨਫੈੱਡਰੇਸ਼ਨ ਆਫ ਆਲ ਇੰਡੀਆ ਟ੍ਰੇਡਰਸ (ਕੈਟ) ਨੇ ਕਿਹਾ ਕਿ ਜਿਸ ਤਰ੍ਹਾਂ ਕਿਸਾਨ ਅੰਦੋਲਨ ਨੂੰ ਲੈ ਕੇ ਬਿਆਨ ਆ ਰਹੇ ਹਨ, ਉਸ ਨਾਲ ਦਿੱਲੀ ਦੇ ਵਪਾਰੀ ਚਿੰਤਤ ਹਨ ਪਰ ਸਰਕਾਰ 'ਤੇ ਭਰੋਸਾ ਹੈ ਕਿ ਉਹ ਇਸ ਅੰਦੋਲਨ ਕਾਰਨ ਦਿੱਲੀ ਦੇ ਵਪਾਰ ਨੂੰ ਪ੍ਰਭਾਵਿਤ ਨਹੀਂ ਹੋਣ ਦੇਵੇਗੀ।

ਕੈਟ ਦੇ ਦਿੱਲੀ ਦੇ ਉੱਪ ਰਾਜਪਾਲ ਵੀ. ਕੇ. ਸਕਸੇਨਾ ਨੂੰ ਅਪੀਲ ਕੀਤੀ ਹੈ ਕਿ ਦਿੱਲੀ ਵਿਚ ਮਾਲ ਦੀ ਆਵਾਜਾਈ ਨਿਰਵਿਘਨ ਤੌਰ 'ਤੇ ਚਲਦੀ ਰਹੇ, ਇਸ ਨੂੰ ਯਕੀਨੀ ਕੀਤਾ ਜਾਵੇ। ਇਸ ਕੰਮ ਵਿਚ ਦਿੱਲੀ ਦੇ ਵਪਾਰੀ ਸਰਕਾਰ ਦਾ ਸਹਿਯੋਗ ਕਰਨ ਲਈ ਤਿਆਰ ਹਨ। ਦਿੱਲੀ ਨਾ ਤਾਂ ਖੇਤੀਬਾੜੀ ਸੂਬਾ ਹੈ ਅਤੇ ਨਾ ਹੀ ਉਦਯੋਗਿਕ ਸੂਬਾ ਸਗੋਂ ਦਿੱਲੀ ਦੇਸ਼ ਦਾ ਸਭ ਤੋਂ ਵੱਡਾ ਵਪਾਰਕ ਡਿਸਟ੍ਰੀਬਿਊਸ਼ਨ ਕੇਂਦਰ ਹੈ, ਜਿੱਥੇ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਦਿੱਲੀ 'ਚ ਮਾਲ ਆਉਂਦਾ ਹੈ ਅਤੇ ਦਿੱਲੀ ਦੇ ਦੇਸ਼ ਦੇ ਕਈ ਸੂਬਿਆਂ ਵਿਚ ਮਾਲ ਜਾਂਦਾ ਹੈ। ਜੇ ਸਪਲਾਈ ਚੇਨ 'ਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਆਉਂਦੀ ਹੈ ਤਾਂ ਉਸ ਦਾ ਉਲਟ ਅਸਰ ਦਿੱਲੀ ਅਤੇ ਗੁਆਂਢੀ ਸੂਬਿਆਂ ਦੇ ਵਪਾਰ 'ਤੇ ਪਵੇਗਾ।

ਕਾਰੋਬਾਰੀਆਂ ਨੂੰ ਸਤਾ ਰਹੀ ਚਿੰਤਾ

ਖੰਡੇਲਵਾਲ ਨੇ ਕਿਹਾ ਕਿ ਹਰ ਕਿਸਾਨੀ ਮੁੱਦੇ ਨਾਲ ਅਨੇਕਾਂ ਵਰਗ ਜੁੜੇ ਹੁੰਦੇ ਹਨ, ਜਿਨ੍ਹਾਂ 'ਚ ਨਾ ਸਿਰਫ ਖਪਤਕਾਰ ਸਗੋਂ ਖੇਤੀ ਅਨਾਜਾਂ ਦਾ ਵਪਾਰ ਕਰਨ ਵਾਲੇ ਵਪਾਰੀ, ਫੂਡ ਪ੍ਰੋਸੈਸਿੰਗ ਵਿਚ ਲੱਗੇ ਉਦਯੋਗ ਅਤੇ ਵਪਾਰ, ਬੀਜ ਅਤੇ ਕੀਟਨਾਸ਼ਕ ਬਣਾਉਣ ਵਾਲੇ ਉਦਯੋਗ, ਖਾਦ ਅਤੇ ਹੋਰ ਉਪਜਾਊ ਉਤਪਾਦ ਬਣਾਉਣ ਵਾਲੇ ਲੋਕ, ਥੋਕ ਅਤੇ ਪ੍ਰਚੂਨ ਵਿਕ੍ਰੇਤਾ, ਆੜਤੀ ਅਤੇ ਖੇਤੀ ਨਾਲ ਸਬੰਧਤ ਵੱਡੇ ਉਦਯੋਗਾਂ ਸਮੇਤ ਅਨੇਕਾਂ ਵਰਗਾਂ ਦੇ ਲੋਕ ਪ੍ਰਭਾਵਿਤ ਹੁੰਦੇ ਹਨ, ਇਸ ਲਈ ਇਸ ਅੰਦੋਲਨ ਨਾਲ ਸਾਰਿਆਂ ਦਾ ਆਪਣੇ ਵਪਾਰ ਨੂੰ ਲੈ ਕੇ ਚਿੰਤਤ ਹੋਣਾ ਸੁਭਾਵਿਕ ਹੈ। ਕੈਟ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਵਿਪਿਨ ਆਹੂਜਾ ਨੇ ਦੱਸਿਆ ਕਿ ਕਿਸਾਨ ਅੰਦੋਲਨ ਕਾਰਨ ਦਿੱਲੀ ਵਿਚ ਧਾਰਾ 144 ਲੱਗਣ ਕਾਰਨ ਅਤੇ ਕਾਨੂੰਨ ਅਤੇ ਵਿਵਸਥਾ ਵਿਚ ਸਹਿਯੋਗ ਦੇਣ ਦੇ ਨਜ਼ਰੀਏ ਨਾਲ ਕੈਟ ਨੇ 14 ਫਰਵਰੀ ਨੂੰ ਨਿਕਲਣ ਵਾਲੀ ਵਿਕਸਿਤ ਭਾਰਤ ਯਾਤਰਾ ਨੂੰ ਫਿਲਹਾਲ ਰੱਦ ਕਰ ਦਿੱਤਾ ਹੈ ਅਤੇ ਨਵੀਂ ਮਿਤੀ ਛੇਤੀ ਹੀ ਤੈਅ ਕੀਤੀ ਜਾਏਗੀ।

ਰਸਤੇ 'ਚ ਫਸੇ ਹਜ਼ਾਰਾਂ ਟਰੱਕ

ਮੀਡੀਆ ਰਿਪੋਰਟਸ ਮੁਤਾਬਕ ਟਰਾਂਸਪੋਰਟ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਇਸ ਅੰਦੋਲਨ ਕਾਰਨ ਕਰੀਬ 10,000 ਟਰੱਕ ਰਸਤੇ 'ਚ ਫਸ ਗਏ ਹਨ। ਇਨ੍ਹਾਂ 'ਚੋਂ ਕਰੀਬ 6 ਤੋਂ 7 ਹਜ਼ਾਰ ਟਰੱਕ ਅਜਿਹੇ ਹਨ, ਜਿਨ੍ਹਾਂ ਨੇ ਦਿੱਲੀ ਵਿਚ ਸਾਮਾਨ ਦੀ ਸਪਲਾਈ ਕਰਨੀ ਹੈ। ਇਸ ਸਮੇਂ ਜ਼ਰੂਰੀ ਸਾਮਾਨ ਦੀ ਸਪਲਾਈ ਕਰਨ ਵਾਲੇ ਵਾਹਨਾਂ ਨੂੰ ਛੱਡ ਕੇ ਬਾਕੀ ਵਾਹਨਾਂ ਨੂੰ ਰੋਕਿਆ ਜਾ ਰਿਹਾ ਹੈ। ਟਰਾਂਸਪੋਰਟ ਕੰਪਨੀਆਂ ਸਾਮਾਨ ਦੀ ਸਪਲਾਈ ਕਰਨ ਲਈ ਇਕ ਫਿਕਸ ਰੇਟ 'ਤੇ ਫੈਕਟਰੀਆਂ ਅਤੇ ਉਤਪਾਦਕਾਂ ਨਾਲ ਕਾਂਟ੍ਰੈਕਟ ਕਰਦੀਆਂ ਹਨ। ਹੁਣ ਸਮੇਂ ਸਿਰ ਸਪਲਾਈ ਨਾ ਪਹੁੰਚਣ 'ਤੇ ਟਰਾਂਸਪੋਰਟ ਕੰਪਨੀਆਂ ਨੂੰ ਪਨੈਲਟੀ ਦਾ ਡਰ ਵੀ ਸਤਾਉਣ ਲੱਗਾ ਹੈ।



## ਕਿਸਾਨ ਮੋਰਚੇ ਵਿਚ ਪਤੰਗਾਂ ਕਰ ਰਹੀਆਂ ਡਰੋਨ ਦਾ ਮੁਕਾਬਲਾ ਅਤੇ ਮੁਲਤਾਨੀ ਮਿੱਟੀ ਵੀ



ਸ਼ੰਭੂ : ਪੰਜਾਬ ਅਤੇ ਹਰਿਆਣਾ ਦਾ ਬਾਰਡਰ ਉਤੇ ਕਿਸਾਨ ਦਿੱਲੀ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਪੁਲਿਸ ਨੂੰ ਉਨ੍ਹਾਂ ਨੂੰ ਰੋਕਣ ਲਈ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਹਾਲਾਂਕਿ ਕਿਸਾਨਾਂ ਨੇ ਆਪਣੇ ਤਰੀਕੇ ਨਾਲ ਇਸ ਸਮੱਸਿਆ ਦਾ ਹੱਲ ਲੱਭ ਲਿਆ ਹੈ। ਦਿੱਲੀ ਨਾਲ ਜੁੜਦੀਆਂ ਸਰਹੱਦਾਂ 'ਤੇ ਉਹ ਜੂਟ ਦੀਆਂ ਬੋਰੀਆਂ, ਪਤੰਗਾਂ ਅਤੇ ਮੁਲਤਾਨੀ ਮਿੱਟੀ ਦਾ ਸਹਾਰਾ ਲੈ ਰਹੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੈ

ਕਿਸਾਨਾਂ ਦੇ 'ਦਿੱਲੀ ਚਲੋ' ਦੇ ਵਿਰੋਧ ਨੂੰ ਕਾਬੂ ਕਰਨ ਲਈ ਪੁਲਿਸ ਡਰੋਨ ਦੀ ਮਦਦ ਲੈ ਰਹੀ ਹੈ ਜੋ ਅੱਥਰੂ ਗੈਸ ਦੇ ਗੋਲੇ ਸੁੱਟਦੇ ਹਨ। ਹੁਣ ਕਿਸਾਨ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਪੁਲਿਸ ਨੂੰ ਪਤੰਗ ਉਡਾ ਕੇ ਡਰੋਨਾਂ ਦਾ ਜਵਾਬ ਦੇ ਰਹੇ ਹਨ। ਦਰਅਸਲ, ਉਹ ਇਸ ਉਮੀਦ ਵਿੱਚ ਰਹਿੰਦੇ ਹਨ ਕਿ ਡਰੋਨ ਪਤੰਗ ਵਿੱਚ ਫਸ ਜਾਵੇਗਾ ਅਤੇ ਡਿੱਗ ਜਾਵੇਗਾ। ਇਸ ਤਰ੍ਹਾਂ ਹੋਇਆ ਵੀ ਹੈ, ਕਿਸਾਨਾਂ ਦੀ ਪਤੰਗ ਵਿਚ ਇਕ ਡਰੋਨ ਫਸ ਗਿਆ ਅਤੇ ਵਾਪਸ ਜਾਣ ਲਈ ਮਜਬੂਰ ਵੀ ਹੋ ਗਿਆ। ਇਸ ਤੋਂ ਇਲਾਵਾ ਕਿਸਾਨਾਂ ਨੇ ਮੁਲਤਾਨੀ ਮਿੱਟੀ ਦਾ ਸਹਾਰਾ ਵੀ ਲਿਆ ਹੈ, ਜੋ ਕਿ ਠੰਡਕ ਪ੍ਰਭਾਵ ਲਈ ਜਾਣੀ ਜਾਂਦੀ ਹੈ। ਅੱਥਰੂ ਗੈਸ ਕਾਰਨ ਹੋਣ ਵਾਲੀ ਜਲਨ ਤੋਂ ਬਚਣ ਲਈ ਉਹ ਇਸ ਨੂੰ ਆਪਣੇ ਚਿਹਰੇ 'ਤੇ ਲਗਾ ਰਹੇ ਹਨ। ਅੱਥਰੂ ਗੈਸ ਦੇ ਗੋਲਿਆਂ ਦੇ ਪ੍ਰਭਾਵ ਨੂੰ ਘਟਾਉਣ ਲਈ ਕਿਸਾਨ ਗਿੱਲੇ ਜੂਟ ਦੀਆਂ ਬੋਰੀਆਂ ਦੀ ਵਰਤੋਂ ਕਰ ਰਹੇ ਹਨ। ਮੰਗਲਵਾਰ ਨੂੰ ਹੀ ਕਿਸਾਨਾਂ ਅਤੇ ਹਰਿਆਣਾ ਪੁਲਿਸ ਵਿਚਾਲੇ ਝੜਪ ਹੋਈ ਸੀ, ਜਿੱਥੇ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਕੀਤੀ ਗਈ ਸੀ।

## ਡਾ. ਸਵਾਮੀਨਾਥਨ ਦੀਆਂ ਧੀਆਂ ਕਿਸਾਨ ਅੰਦੋਲਨ ਦੇ ਹੱਕ 'ਚ ਡਟੀਆਂ

ਹਰਿਆਣਾ ਸਰਕਾਰ ਦੀ ਸਖਤੀ ਮਗਰੋਂ ਕਿਸਾਨ ਅੰਦੋਲਨ ਨੂੰ ਦੇਸ਼ ਭਰ ਤੋਂ ਹੁੰਗਾਰਾ ਮਿਲਣ ਲੱਗਾ ਹੈ। ਖੇਤੀ ਵਿਗਿਆਨੀ ਡਾਕਟਰ ਐਮਐਸ ਸਵਾਮੀਨਾਥਨ ਦੀਆਂ ਧੀਆਂ ਮਧੂਰਾ ਤੇ ਸੌਮਿਆ ਨੇ ਕਿਸਾਨਾਂ ਦੀ ਹਮਾਇਤ ਕੀਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਕਿਸਾਨ ਅੰਨਦਾਤੇ ਹਨ ਤੇ ਉਨ੍ਹਾਂ ਨਾਲ ਅਪਰਾਧੀਆਂ ਵਰਗਾ ਵਿਹਾਰ ਨਹੀਂ ਕਰਨਾ ਚਾਹੀਦਾ। ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨ ਦੌਰਾਨ ਹਰਿਆਣਾ ਪੁਲਿਸ ਵੱਲੋਂ ਅੰਨ੍ਹੇਵਾਹ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਕਰਨ ਤੇ ਦਿੱਲੀ ਜਾਣ ਵਾਲੇ ਰਾਹ 'ਤੇ ਖੜ੍ਹੇ ਕੀਤੇ ਗਏ ਅੜਿੱਕਿਆਂ 'ਤੇ ਚਿੰਤਾ ਜਤਾਉਂਦਿਆਂ ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਉਪਰ ਜ਼ੁਲਮ ਦੀ ਥਾਂ 'ਤੇ ਉਨ੍ਹਾਂ ਨੂੰ ਇੱਜ਼ਤ-ਮਾਣ ਦੇਣਾ ਚਾਹੀਦਾ ਹੈ। ਡਾ. ਸਵਾਮੀਨਾਥਨ ਨੂੰ ਮੋਦੀ ਸਰਕਾਰ ਨੇ ਮਰਨ ਉਪਰੰਤ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਹੈ।ਬੰਗਲੂਰੂ 'ਚ ਇੰਡੀਅਨ ਸਟੈਟੀਸਟੀਕਲ ਇੰਸਟੀਚਿਊਟ ਦੀ ਆਰਥਿਕ ਅਧਿਐਨ ਇਕਾਈ ਦੀ ਮੁਖੀ ਮਧੁਰਾ ਨੇ ਕਿਹਾ ਕਿ ਦੇਸ਼ ਦੇ ਉੱਘੇ ਖੇਤੀ ਵਿਗਿਆਨੀਆਂ ਨੂੰ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦੇ ਮਸਲਿਆਂ ਦਾ ਢੁੱਕਵਾਂ ਹੱਲ ਕੱਢਿਆ ਜਾ ਸਕੇ। ਉਨ੍ਹਾਂ ਅਪੀਲ ਕੀਤੀ ਕਿ ਜੇਕਰ ਉਹ ਐਮਐਸ ਸਵਾਮੀਨਾਥਨ ਦਾ ਸਨਮਾਨ ਕਰਨਾ ਚਾਹੁੰਦੇ ਹਨ ਤਾਂ ਕਿਸਾਨਾਂ ਨੂੰ ਵੀ ਨਾਲ ਲੈ ਕੇ ਚਲਣਾ ਪਵੇਗਾ। ਸੌਮਿਆ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਛੋਟੀਆਂ ਜੋਤਾਂ ਵਾਲੇ ਕਿਸਾਨਾਂ ਨੂੰ ਹੱਕ ਦਿਵਾਉਣ ਦੇ ਪੱਖ 'ਚ ਸਨ। ਉਨ੍ਹਾਂ ਕਿਹਾ ਕਿ ਅੰਨਦਾਤਾ ਕੋਈ ਸਿਹਤਮੰਦ ਤੇ ਖੁਸ਼ਹਾਲ ਜੀਵਨ ਨਹੀਂ ਜੀਅ ਰਿਹਾ ਹੈ ਤੇ ਉਸ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ।ਦੱਸ ਦਈਏ ਕਿ ਪੰਜਾਬ ਤੇ ਹਰਿਆਣਾ ਦੀ ਸ਼ੰਭੂ ਤੇ ਖਨੌਰੀ ਸਰਹੱਦਾਂ 'ਤੇ ਕਿਸਾਨਾਂ ਦੇ ਵਧ ਰਹੇ ਰੋਹ ਦਰਮਿਆਨ ਤਿੰਨ ਕੇਂਦਰੀ ਮੰਤਰੀ ਅੱਜ ਸ਼ਾਮ ਪੰਜ ਵਜੇ ਚੰਡੀਗੜ੍ਹ ਵਿੱਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਨਾਲ ਮੀਟਿੰਗ ਕਰਨਗੇ।

# ਮਾਂ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**'ਚਿੱਠੀ ਆਈ ਹੈ'**

ਮੇਰੀ ਮਾਂ ਦਾ ਜਨਮ ਰਿਆਸਤੀ ਸ਼ਹਿਰ ਨਾਭਾ ਵਿੱਚ ਸਾਲ 1942 ਵਿੱਚ ਹੋਇਆ ਸੀ। ਉਹਨਾਂ ਦਾ ਪਰਿਵਾਰ ਗ਼ਰੀਬ ਸੀ ਤੇ ਉਹਨਾਂ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਕਰਕੇ ਸਿਲਾਈ-ਕਢਾਈ ਦਾ ਆਈ.ਟੀ.ਆਈ. ਦਾ ਕੋਰਸ ਕੀਤਾ ਹੋਇਆ ਸੀ। ਉਹ ਆਪਣੇ ਪੰਜ ਭੈਣ-ਭਰਾਵਾਂ ਵਿੱਚੋਂ ਦੂਜੇ ਨੰਬਰ 'ਤੇ ਸਨ। 1966 ਵਿੱਚ ਉਹਨਾਂ ਦੀ ਸ਼ਾਦੀ ਮੇਰੇ ਅਧਿਆਪਕ ਪਿਤਾ ਨਾਲ ਹੋਈ ਤੇ 3 ਸਾਲ ਬਾਦ ਮੇਰਾ ਜਨਮ ਹੋਇਆ। ਅੱਜ ਦੇ ਹੀ ਦਿਨ ਦੋ ਮਹੀਨੇ ਪਹਿਲਾਂ ਦੋ ਦਸੰਬਰ ਵਾਲੇ ਦਿਨ ਮੇਰੀ ਮਾਂ ਦਾ ਦੇਹਾਂਤ ਹੋਇਆ ਸੀ ਤੇ ਅੱਜ ਮੈਨੂੰ ਉਹਨਾਂ ਦੀ ਚਿੱਠੀ ਆਈ ਹੈ।

'ਚਿੱਠੀ ਆਈ ਹੈ' ਨਾਮ ਦਾ ਇੱਕ ਨਵਾਂ ਕਾਲਮ ਇਸ ਵਾਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕਾਲਮ ਦੀ ਸਮੁੱਚੀ ਰੂਪ ਰੇਖਾ ਵਾਸਤੇ ਪ੍ਰੇਰਣਾ ਸਰੋਤ ਬਣੇ ਹਨ ਪਾਕਿਸਤਾਨ ਦੇ ਬਹੁਤ ਪ੍ਰਸਿੱਧ ਟੀਵੀ ਤੇ ਰੇਡੀਓ ਕਲਾਕਾਰ, ਲੇਖਕ, ਹੋਸਟ ਤੇ ਵਿਅੰਗਕਾਰ ਜਨਾਬ ਅਨਵਰ ਮਕਸੂਦ ਜੀ। ਇਹ ਕਾਲਮ ਉਹਨਾਂ ਦੇ ਪ੍ਰੋਗਰਾਮ 'ਅਨਵਰਨਾਮਾ' ਤੋਂ ਬਹੁਤ ਪ੍ਰਭਾਵਿਤ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਇਹ ਉਸ ਦੀ ਨਕਲ ਹੈ। ਇਸ ਕਾਲਮ ਦਾ ਇਹ ਮਤਲਬ ਵੀ ਨਹੀਂ ਕਿ ਮਕਸੂਦ ਸਾਹਿਬ ਦੀ ਬਰਾਬਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਹੋ ਵੀ ਨਹੀਂ ਸਕਦੀ; ਸਗੋਂ ਇਹ ਤਾਂ ਉਹਨਾਂ ਦੀ ਕਾਬਲੀਅਤ ਨੂੰ ਸਮਰਪਿਤ ਕਾਲਮ ਹੋਵੇਗਾ।ਇਸ ਕਾਲਮ ਵਿੱਚ ਸਮਾਜਕ, ਆਰਥਕ ਤੇ ਸਿਆਸੀ ਵਿਸ਼ਿਆਂ ਨੂੰ ਅਧਾਰ ਬਣਾ ਕੇ ਸਾਹਿਤਿਕ ਵਿਅੰਗ ਕੱਸਿਆ ਜਾਵੇਗਾ। ਇਹ ਇਕ ਤਿੱਖੀ ਤੇ ਕਰਾਰੀ ਚੋਟ ਹੋਵੇਗੀ ਸਾਡੀਆਂ ਉਹਨਾਂ ਕੁਰੀਤੀਆਂ 'ਤੇ ਵੀ ਅਤੇ ਘਟਨਾਵਾਂ ਉੱਤੇ ਵੀ ਜਿਹਨਾਂ ਨੂੰ ਅਸੀਂ, ਇਹ ਜਾਣਦੇ-ਬੁਝਦੇ ਹੋਏ ਵੀ ਕਿ ਇਹ ਬਹੁਤ ਬੁਰੀਆਂ ਤੇ ਕਸੂਤੀਆਂ ਹਨ ਤੇ ਸਾਨੂੰ ਇਹਨਾਂ ਤੋਂ ਕਿਨਾਰਾ ਕਰਨਾ ਚਾਹੀਦਾ ਹੈ, ਅਸੀਂ ਇਹਨਾਂ ਨੂੰ ਫਿਰ ਵੀ ਗ਼ਲ਼ ਲਗਾ ਕੇ ਰੱਖਦੇ ਹਾਂ, ਵਾਰ ਵਾਰ ਕਰਦੇ ਹਾਂ। ਇਸ ਵਿੱਚ ਉਹਨਾਂ ਛੋਟੀਆਂ ਛੋਟੀਆਂ ਘਟਨਾਵਾਂ, ਮਜਬੂਰੀਆਂ, ਵਾਰਦਾਤਾਂ ਨੂੰ ਅਧਾਰ ਬਣਾਇਆ ਜਾਵੇਗਾ ਜਿਹੜੀਆਂ ਸਾਡੇ ਪਾਠਕਾਂ ਨੂੰ ਪਹਿਲਾਂ ਹੀ ਪਤਾ ਵੀ ਹੋਣਗੀਆਂ ਤੇ ਇਹ ਉਹਨਾਂ ਦੀਆਂ ਨਜ਼ਰਾਂ ਵਿੱਚੋਂ ਲੰਘ ਵੀ ਚੁੱਕੀਆਂ ਹੋਣਗੀਆਂ। ਕਈ ਘਟਨਾਵਾਂ ਤਾਂ ਅਜਿਹੀਆਂ ਵੀ ਹੋਣਗੀਆਂ ਜਿਹੜੀਆਂ ਤੁਹਾਡੇ ਆਪਣੇ ਨਾਲ ਵੀ ਬੀਤੀਆਂ ਹੋਈਆਂ ਹੋ ਸਕਦੀਆਂ ਹਨ। ਵਿਅੰਗ ਦਾ ਮਤਲਬ ਸਿਰਫ਼ ਮਜ਼ਾਕ ਕਰਨਾ ਤੇ ਤੁਹਾਨੂੰ ਹਸਾਉਣਾ ਜਾਂ ਖ਼ੁਸ਼ ਕਰਨਾ ਹੀ ਨਹੀਂ ਹੁੰਦਾ; ਇਸ ਦਾ ਮਤਲਬ ਇਹ ਵੀ ਹੁੰਦਾ ਹੈ ਕਿ ਜਿਸ ਸਮਾਜੀ, ਆਰਥਕ ਤੇ ਰਾਜਨੀਤਕ ਬੁਰਾਈ 'ਤੇ ਸੱਟ ਮਾਰੀ ਜਾਂਦੀ ਹੈ, ਉਸ ਨੂੰ ਦੂਰ ਵੀ ਕੀਤਾ ਜਾ ਸਕੇ। ਇਸ ਕਾਲਮ ਵਿੱਚ ਤੁਹਾਨੂੰ ਕੁਝ ਚਿੱਠੀਆਂ ਪੜ੍ਹਾਈਆਂ ਜਾਣਗੀਆਂ ਜਿਹੜੀਆਂ ਲੇਖਕ ਨੂੰ ਆਈਆਂ ਹੋਣਗੀਆਂ, ਕੁਝ ਵੇਰਵੇ ਹੋਣਗੇ ਘਟਨਾਵਾਂ ਦੇ ਜਿਹੜੀਆਂ ਚਿੱਠੀ ਲਿਖਣ ਵਾਲੇ ਦੀਆਂ ਅੱਖਾਂ ਸਾਹਮਣੇ ਹੋਈਆਂ, ਕੁਝ ਵੇਰਵੇ ਹੋਣਗੇ ਅਜਿਹੀਆਂ ਘਟਨਾਵਾਂ ਦੇ ਜਿਹਨਾਂ ਵਿੱਚ ਕੇਖਕ ਦੀ ਹਾਜ਼ਰੀ ਵੀ ਰਹੀ ਹੋਵੇਗੀ, ਭਾਵ ਉਹ ਵੀ ਉਹਨਾਂ ਘਟਨਾਵਾਂ ਦਾ ਹਿੱਸਾ ਰਿਹਾ ਹੋਵੇਗਾ। ਪੰਜਾਬੀ ਅਖ਼ਬਾਰ ਰਾਹੀਂ ਅਸੀਂ ਆਪ ਸਭ ਦਾ ਸਿਰਫ਼ ਮਨੋਰੰਜਨ ਹੀ ਨਹੀਂ ਕਰਦੇ, ਸਗੋਂ ਜਾਣਕਾਰੀ ਦੇਣ ਦਾ ਕੰਮ ਵੀ ਕਰਦੇ ਹਾਂ। ਸਾਡਾ ਸਮਾਜ ਹੋਰ ਚੰਗਾ ਕਿਵੇਂ ਹੋ ਸਕਦਾ ਹੈ, ਇਸ ਦੀ ਕੋਸ਼ਿਸ਼ ਵੀ ਲਗਾਤਾਰ ਕਰਦੇ ਰਹਿੰਦੇ ਹਾਂ। ਕਾਲਮ 'ਚਿੱਠੀ ਆਈ ਹੈ' ਵੀ ਇਸੇ ਲੜੀ ਦਾ ਇਕ ਹਿੱਸਾ ਹੈ।

ਸੰਪਾਦਕ




**ਮਾਂ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ**

**ਪਿਆਰੇ ਪੁੱਤਰ ਰਿਸ਼ੀ,**

ਮੈਨੂੰ ਏਥੇ ਆਇਆਂ 2 ਮਹੀਨੇ ਹੋ ਗਏ ਨੇ ਤੇ ਮੈਨੂੰ ਤੇਰੀ ਧਰਤੀ ਦਾ ਤੇ ਤੁਹਾਡਾ ਕਿਸੇ ਦਾ ਵੀ ਭੋਰਾ ਜਿੰਨਾ ਖਿਆਲ ਨਹੀਂ ਆਇਆ ਤੇ ਹੀ ਮੇਰਾ ਧਿਆਨ ਵੀ ਉਧਰ ਪਿਆ। ਮੈਨੂੰ ਲੱਗਦੈ ਕਿ ਸਾਡੇ ਇੱਧਰ ਹਾਲਾਤ ਤੁਹਾਡੇ ਨਾਲੋਂ ਚੰਗੇ ਨੇ। ਤੇਰੇ ਡੈਡੀ ਨੇ ਇਧਰ ਸਕੂਲ ਖੋਲ੍ਹਿਆ ਹੋਇਆ ਤੇ ਆਪਣੇ ਪਿੰਡ ਦੇ ਕਈ ਜਣੇ ਉਸ ਸਕੂਲ ਵਿੱਚ ਪੜ੍ਹਦੇ ਮੈਂ ਦੇਖੇ ਐ। ਆਪਣੇ ਪਿੰਡ ਆਲੇ ਕੇਂਦਰੀ ਵਿਦੇਸ਼ ਮੰਤਰੀ ਸਵਰਨ ਸਿੰਘ, ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ, ਮਾਲ ਮੰਤਰੀ ਜੁਗਿੰਦਰ ਪਾਲ ਪਾਂਡੇ ਵੀ ਆਉਂਦੇ ਰਹਿੰਦੇ ਐ ਤੇ ਜਦੋਂ ਮੈਂ ਇਧਰ ਆਈ ਤਾਂ ਉਹ ਸਾਰੇ ਮੈਨੂੰ ਲੈਣ ਆਏ ਸੀ। ਤੇਰੇ ਦਾਦਾ ਜੀ ਵੀ ਇੱਧਰ ਹਦਵਾਣਿਆਂ ਦੀ ਰੇਹੜੀ ਲਾਉਂਦੇ ਨੇ! ਬਾਹਰੋਂ ਹਰੇ ਤੇ ਅੰਦਰੋਂ ਕਚੂਰ ਲਾਲ ਤਰਬੂਜ਼! ਬੜੀ ਕਮਾਈ ਕਰਦੇ ਨੇ! ਤੁਹਾਡੇ ਜਦੋਂ ਠੰਡ ਪੈਂਦੀ ਐ ਸਾਡੇ ਇਧਰ ਗਰਮੀਆ ਹੁੰਦੀਆਂ। ਅੰਬ ਵੀ ਆਏ ਹੋਏ ਐ!

ਅੱਜ ਮੈਂ ਤੇਰੇ ਨਾਲ ਉਹ ਗੱਲਾਂ ਕਰਨੀਆਂ ਜਿਹੜੀਆਂ ਮੈਂ ਉੱਧਰ, ਧਰਤੀ 'ਤੇ ਨਹੀਂ ਕਰ ਸਕੀ। ਤੂੰ ਤਾਂ ਕਨੇਡਾ ਭੱਜ ਗਿਆ ਤੇ ਤੇਰੇ ਡੈਡੀ ਧਰਤੀ ਹੀ ਛੱਡ ਗਏ ਤੇ ਮੈਂ ਉੱਥੇ ਰਹਿ ਗਈ 'ਕੱਲਮ-'ਕੱਲੀ! ਕਿੱਡਾ ਵੱਡਾ ਘਰ ਸੀ ਤੇ ਤੇਰੇ ਡੈਡੀ ਦੇ ਜਾਣ ਮਗਰੋਂ ਉਹਨਾਂ ਦੇ ਬਹੁਤ ਦੋਸਤ-ਮਿੱਤਰ ਵੀ ਆਪਣੇ ਘਰ ਆਉਣਾ-ਜਾਣਾ ਛੱਡ ਗਏ; ਰਿਸ਼ਤੇਦਾਰ ਵੀ ਤੇ ਆਂਢੀ-ਗੁਆਂਢੀ ਵੀ! ਤੂੰ ਤੇ ਰੋਜ਼ ਫੋਨ ਕਰ ਈ ਲੈਂਦਾ ਸੀ ਪਰ ਮੈਂ ਤੈਨੂੰ ਸਾਰੀਆਂ ਗੱਲਾਂ ਤਾਂ ਨਹੀਂ ਸੀ ਨਾ ਦੱਸ ਸਕਦੀ! ਆਪਣੇ ਦੁੱਖ-ਤਕਲੀਫਾਂ ਮੈਂ ਤੈਨੂੰ ਕਿਵੇਂ ਦੱਸਦੀ, ਤੂੰ ਤਾਂ ਆਪ ਬੇਗਾਨੀ ਧਰਤੀ 'ਤੇ ਡਾਲਰ 'ਕੱਠੇ ਕਰਨ ਲੱਗਿਆ ਹੋਇਆ ਸੀ। ਤੂੰ ਤਾਂ ਵੀਹ ਮਿੰਟ ਫੋਨ 'ਤੇ ਗੱਲ ਕਰ ਕੇ ਫਾਰਗ਼ ਹੋ ਜਾਂਦਾ ਸੀ ਤੇ ਮੈਂ ਅਗਲੇ 23 ਘੰਟੇ 40 ਮਿੰਟ ਦੀ ਲੜਾਈ 'ਕੱਲਿਆਂ ਹੀ ਲੜਦੀ ਸੀ। ਚੱਲ ਛੱਡ, ਮੈਂ ਤੈਨੂੰ ਉਲਾਮ੍ਹਾ ਨਹੀਂ ਦੇ ਰਹੀ!

ਤੂੰ ਮੈਨੂੰ ਕਹਿੰਦਾ ਹੁੰਦਾ ਸੀ ਕਿ ਮਾਂ, ਤੂੰ ਪੰਜ-ਛੇ ਸਾਲ ਕਿਤੇ ਨਹੀਂ ਜਾਣਾ ਤੇ ਮੈਂ ਕਹਿੰਦੀ ਸੀ ਕਿ ਦਸੰਬਰ ਨਹੀਂ ਟੱਪਣਾ ਮੈਂ। ਮੈਂ ਤੈਨੂੰ ਕਿਹਾ ਵੀ ਕਿ ਕੱਟੇ ਤੇ ਬੁੱਢੇ ਸਿਆਲ ਘੱਟ ਈ ਕੱਟਦੇ ਹੁੰਦੇ ਐ ਤੇ ਤੂੰ ਸ਼ਰਤ ਲਾ ਲਈ ਸੀ - 5-500 ਡਾਲਰ ਦੀ! ਸ਼ਰਤ ਤਾਂ ਮੈਂ ਜਿੱਤ ਲਈ ਪਰ ਤੂੰ ਹੁਣ ਉਹ 500 ਡਾਲਰ ਮੈਨੂੰ ਦੇਵੇਂਗਾ ਕਿਵੇਂ...ਮੈਨੂੰ ਇਹੀ ਸੋਚ ਵੱਢ ਵੱਢ ਕੇ ਖਾਈ ਜਾਂਦੀ ਐ। ਮੇਰਾ ਤਾਂ ਨੁਕਸਾਨ ਹੋ ਗਿਆ। ਮੈਨੂੰ ਇਧਰ ਕਈ ਬਜ਼ੁਰਗ ਮਿਲੇ ਐ ਜਿਹੜੇ ਕਨੇਡੇ ਤਾਂ ਨਹੀਂ ਜਾ ਸਕੇ ਪਰ ਇਧਰ ਵੱਲ ਦੀ ਫ਼ਲਾਇਟ ਲੈ ਕੇ ਆ ਗਏ। ਤੁਹਾਡੀ ਸਰਕਾਰ ਦੇ ਕਾਰਨਾਮੇ ਕਹਾਂ ਕਿ ਤੁਹਾਡੀ ਆਪਣੀ ਨਾਲਾਇਕੀ...ਉਹ ਕਹਿੰਦੇ ਸਾਨੂੰ ਸੱਦਿਆ ਈ ਨਹੀਂ ਤੇ ਲਾਰੇ ਲਾਈ ਜਾਂਦੇ ਰਹੇ ਕਿ ਅਗਲੇ ਸਾਲ ਸੱਦ ਲੈਣਾ ਵੇ। ਮੈਂ ਤਾਂ ਤੇਰਾ ਘਰ ਦੇਖਣਾ ਸੀ ਪਰ ਫਿਟੇ ਮੂੰਹ ਤੁਹਾਡੀ ਸਰਕਾਰ ਦੇ ਜੇ ਉਹਨੇ ਸਾਨੂੰ ਨਹੀਂ ਆਉਣ ਦਿੱਤਾ ਤੇ ਜੇ ਤੂੰ ਨਹੀਂ ਸੱਦਿਆ ਤੇ ਵੇ ਤੇਰਾ ਤਕਰੀਬਨ ਫਿਟੇ ਮੂੰਹ!

ਵੈਸੇ ਤਾਂ ਮੈਨੂੰ ਇਹ ਪਤਾ ਹੀ ਐ ਤੂੰ ਬਹੁਤ ਨਿਕੰਮਾ ਬੰਦਾ ਰਿਹੈਂ ਪਰ ਇੰਨਾ ਨਿਕੰਮਾ ਨਿੱਕਲੇਂਗਾ ਇਸ ਦਾ ਮੈਨੂੰ ਅੰਦਾਜ਼ਾ ਨਹੀਂ ਸੀ। ਮੈਂ ਤੈਨੂੰ ਕਿਹਾ ਸੀ ਕਿ ਮੇਰੇ ਜਾਣ ਮਗਰੋਂ ਘੱਟੋ ਘੱਟ ਇਕ ਸਾਲ ਤੱਕ, ਹਰ ਮਹੀਨੇ ਇਕ ਦਿਨ ਮੇਰੀ ਯਾਦ ਵਿੱਚ ਮੇਰੀ ਪਸੰਦ ਦਾ ਭੋਜਨ ਕਿਸੇ ਨੂੰ ਕਰਵਾਉਂਦਾ ਰਹੀਂ! ਪਰ ਤੂੰ ਤਾਂ ਹਰ ਮਹੀਨੇ ਦਵਾਈਆਂ ਦੇ ਪੱਤੇ...ਤੇ ਰੋਟੀ ਤੇ ਅਚਾਰ ਰੱਖ ਕੇ ਦਿੰਦਾ ਰਿਹੈਂ ...ਅਖੇ ਮੇਰੀ ਮਾਂ ਇਹੀ ਖਾਂਦੀ ਹੁੰਦੀ ਸੀ! ਉਹ ਵੀ ਬੰਦ ਕਰਦੇ ਭਾਵੇਂ ਹੁਣ! ਲੋਕ ਹੱਸੀ ਜਾਂਦੇ ਐ ਜਦੋਂ ਹਰ ਮਹੀਨੇ ਦਵਾਈਆਂ ਦੇ ਪੱਤੇ ਤੇ ਅਚਾਰ ਰੱਖੀਆਂ ਰੋਟੀਆਂ ਡਾਕੀਆ ਲੈ ਕੇ ਮੈਨੂੰ ਦੇਣ ਆ ਜਾਂਦੈ। ਅਖੇ ਤੇਰੇ ਮੁੰਡੇ ਨੇ ਪਾਰਸਲ ਭੇਜਿਆ! ਉਹ ਮਰ ਜਾਣਾ ਟਿੱਚਰਾਂ ਕਰ ਜਾਂਦੈ! ਬੰਦ ਕਰ ਇਹ ਡਰਾਮਾ! ਤੂੰ ਸੋਚਿਆ ਹੋਣਾ ਕਿ ਮਾਂ ਤਾਂ ਹੁਣ ਮਰ ਗਈ ਤੇ ਕੀ ਕਰਨਾ ਦਾਨ-ਪੁੰਨ ਕਰਕੇ! ਤੂੰ ਰਹਿਣ ਦੇ ਹੁਣ ਰੋਟੀ ਦੇਣ ਨੂੰ...ਆਇਆ ਵੱਡਾ ਦਾਨੀ!

ਇਕ ਦਿਨ ਮੈਂ ਆਪਣੀ ਗੁਆਂਢਣ ਦੇ ਸੁਫ਼ਨੇ ਚ ਗਈ ਸੀ, ਉਹੀ ਜਿਹੜੀ ਮੈਨੂੰ ਗਾਲਾਂ ਕੱਢਦੀ ਰਹਿੰਦੀ ਸੀ ਤੇ ਲੜਦੀ ਰਹਿੰਦੀ ਸੀ। ਉਹਨੂੰ ਮੈਂ ਚੰਗੀਆਂ ਭੁਆਂਟਣੀਆਂ ਦੇ ਕੇ ਆਈ ਆਂ। ਉਦੋਂ ਤਾਂ ਆ ਕੇ ਬੜੀਆਂ ਬਾਹਾਂ ਕੱਢ ਕੱਢ ਕੇ ਬਕਦੀ ਹੁੰਦੀ ਸੀ ਤੇ ਉਸ ਦਿਨ ਉਹਨੂੰ ਪਸੀਨੇ ਲਿਆ 'ਤੇ ਮੈਂ! ਸਾਰੀ ਰਾਤ ਨੀ ਮੈਂ ਟਿਕਣ ਦਿੱਤੀ। ਕੰਧਾਂ 'ਚ ਸਿਰ ਮਾਰਦੀ ਫਿਰਦੀ ਸੀ ਉਸ ਦਿਨ। ਮੈਂ ਦੇਖਿਆ ਕੱਲ੍ਹ, ਹੁਸਨੇ ਕਾ ਦੁੱਲਾ ਆਇਆ ਸੀ ਉਹਨਾਂ ਦੇ ਘਰ! ਤੂੰ ਉਹਨੂੰ ਡਾ. ਦੁੱਲਾ ਕਹਿੰਦਾ ਹੁੰਦਾ ਸੀ। ਗੁੱਗਲ ਦੀ ਧੂਫ਼ ਚੁੱਕੀ ਫਿਰਦਾ ਸੀ ਤੇ ਬੁੜ ਬੁੜ ਕਰਦਾ ਉਹਦੇ ਮੂੰਹ 'ਤੇ ਫੂਕਾਂ ਮਾਰੀ ਜਾ ਰਿਹਾ ਸੀ! ਸਿਗਟਾਂ ਦੀ ਬੋ ਨੇ ਗੁਆਂਢਣ ਦਾ ਬੁਰਾ ਹਾਲ ਕਰਤਾ! ਆਪਣਾ ਸਾਰਾ ਕਰੋਨਾ ਦੁੱਲੇ ਨੇ ਉਹਦੇ ਮੂੰਹ 'ਤੇ ਫੂਕਾਂ ਮਾਰ ਮਾਰ ਝਾੜਿਆ! ਮੈਂ ਬੜੀ ਓ ਖੁਸ਼ ਹੋਈ...ਪਾਟੇ ਕੱਦੂ ਅਰਗਾ ਮੂੰਹ ਕਰਕੇ ਬੈਠੀ ਸੀ ਦੁੱਲੇ ਦੇ ਮੋਹਰੇ ਹੱਥ ਜੋੜ ਕੇ! ਹੁਣ ਮੈਂ ਸੋਚਿਆ, ਇਹਦੇ ਸੁਫ਼ਨੇ ਚ ਹਰ ਮਹੀਨੇ ਆਇਆ ਕਰੂੰ!

ਰਿਸ਼ੀ, ਤੂੰ ਸੋਚਦਾ ਹੋਣਾਂ ਕਿ ਮਾਂ ਨੇ ਉਧਰ ਜਾ ਕੇ ਵੀ ਹਨੇਰੀ ਲਿਆਂਦੀ ਪਈ ਹੈ। ਲਿਆਵਾਂ ਨਾ ਮੈਂ...ਜਿਹਨੇ ਜਿਹਨੇ ਮੈਨੂੰ ਟਿਕਣ ਨਹੀਂ ਦਿੱਤਾ, ਉਹਦਾ ਤਾਂ ਮੈਂ ਹੁਣ ਕਰੂ ਬੁਰਾ ਹਾਲ! ਆਹ ਤੇਰੇ ਦੋ ਦੋਸਤ...ਗੁਰਾਇਆਂ ਵਾਲਾ ਪ੍ਰਮੋਦ ਤੇ ਜਲੰਧਰ ਵਾਲਾ ਅਰੁਣਦੀਪ...ਇਹਨਾਂ ਨੂੰ ਤਾਂ ਮੈਂ ਹੁਣ ਦੱਸੂ ਪਤਾ! ਤੇਰੇ ਮਗਰੋਂ ਮੈਂ ਇਹਨਾਂ ਨੂੰ ਸੱਦਿਆ ਸੀ ਕਿ ਗੁਆਂਢਣ ਗਾਲਾਂ ਬਹੁਤ ਕੱਢਦੀ ਐ ਤੇ ਇਹਦੀ ਸ਼ਿਕਾਇਤ ਕਰੋ, ਨਿਖਸਮੇਂ ਦੋਵੇਂ ਜਣੇ ਉਹਦੇ ਘਰੇ ਹੀ ਬਿਸਕੁਟ ਡੱਫ ਕੇ ਚਾਹ ਨਾਲ ਮੂੰਹ ਕਾਲਾ ਕਰ ਗਏ ਸੀ...ਕੱਢੂੰ ਇਹਨਾਂ ਦੀ ਚਾਹ ਮੈਂ ਹੁਣ ਤੇ ਬਿਸਕੁਟ...ਨਾਲੇ ਉਸ ਦਫਾ ਹੋਣੀ ਗੁਆਂਢਣ ਦਾ ਕੰਮ ਤਾਂ ਮੈਂ ਸ਼ੁਰੂ ਕਰਤਾ! ਤੈਨੂੰ ਮੈਂ ਦੱਸਿਆ ਵੀ ਸੀ ਇਹ ਦੋਵੇਂ ਉਹਦੇ ਘਰੋਂ 2-2 ਹਜ਼ਾਰ ਰੁਪਈਆ ਲੈ ਕੇ ਦਫਾ ਹੋ ਗਏ ਪਰ ਤੂੰ ਤਾਂ ਮੇਰੀ ਗੱਲ ਸੁਣਦਾ ਈ ਨਹੀਂ ਸੀ। ਮੈਂ ਦੱਸਿਆ ਤੇਰੇ ਡੈਡੀ ਨੂੰ...ਪਰ ਉਹ ਜਿੱਦਾਂ ਸਾਰੇ ਮਰਦ ਇੱਕੋ ਜਿਹੇ ਈ ਹੁੰਦੇ ਐ...ਕਹਿੰਦੇ ਦਫਾ ਕਰ...ਐਵੇਂ ਈ ਲੜੀ ਜਾਨੀ ਐਂ ਤੂੰ। ਧਰਤੀ ਦੇ ਕੰਮ ਧਰਤੀ 'ਤੇ ਈ ਰਹਿਣ ਦੇ!

ਮੈਂ ਤੈਨੂੰ ਦੱਸਣਾ ਸੀ ਕਿ ਤੇਰੀ ਭੈਣ ਤੇ ਜੀਜਾ, ਉਸੇ ਦਿਨ ਪੇਟੀਆਂ ਖੋਲ ਕੇ ਬਹਿ ਗਏ ਸੀ ਜਿਸ ਦਿਨ ਤੂੰ ਕਨੇਡਾ ਨੂੰ ਆ ਗਿਆ ਸੀ ਮੇਰੀ ਕਿਰਿਆ-ਕਰਮ ਕਰ ਕੇ! ਪਰ ਉਹਨਾਂ ਨੂੰ ਲੱਭਿਆ ਕੱਖ ਨੀ ਉਥੋਂ! ਮੈਥੋਂ ਵੀ ਦੱਸ ਨਾ ਹੋਇਆ ਕਿ ਮਾਲ ਖ਼ਜ਼ਾਨਾ ਮੈਂ ਆਪਣੇ ਵਿਹੜੇ ਲੱਗੇ ਅਮਰੂਦ ਵਾਲੇ ਪਾਸੇ ਵਾਲੀ ਅਲਮਾਰੀ ਵਿੱਚ ਲੋਹੇ ਦੇ ਬਕਸੇ ਵਿੱਚ ਰੱਖਿਆ ਹੋਇਐ। ਉਹਨੂੰ ਲੱਗੇ ਜਿੰਦੇ ਦੀ ਚਾਬੀ ਗੁਸਲਖਾਨੇ ਦੇ ਬੂਹੇ ਉਪਰ ਪਈ ਐ, ਲਾਲ ਰੰਗ ਦਾ ਧਾਗਾ ਬੰਨ੍ਹਿਆ ਹੋਇਆ ਉਹਨੂੰ। ਜਦੋਂ ਜਾਏਂਗਾ, ਮਾਲ ਕੱਢ ਲਈਂ। ਉਹਨਾਂ ਨੇ ਪੇਟੀਆਂ, ਬੈੱਡ, ਸੈਟੀਆਂ - ਸਭ ਫ਼ਰੋਲ ਲਈਆਂ, ਉਹ ਵੀ ਮੂੰਹ ਚੌੜਾ ਜਿਹਾ ਕਰੀ ਫਿਰਦੇ ਸੀ! ਤੇਰੀ ਮਰਜ਼ੀ ਹੋਈ ਤਾਂ ਉਹਨਾਂ ਨੂੰ ਦੇ ਦੇਵੀਂ ਕੁਝ...ਮੇਰੀਆਂ ਦੋਹਤੀਆਂ ਦਾ ਖਿਆਲ ਰੱਖੀਂ। ਉਹਨਾਂ ਨੇ ਮੇਰੀ ਬੜੀ ਸੇਵਾ ਕੀਤੀ ਸੀ।

ਆਹ ਜਿਹੜਾ ਡਾਕਟਰ ਸਕਸੈਨਾ ਮੇਰਾ ਇਲਾਜ ਕਰਦਾ ਹੁੰਦਾ ਸੀ, ਆਪਣੇ ਘਰ ਦੇ ਨੇੜੇ ਈ ਰਹਿੰਦਾ ਹੁੰਦਾ ਸੀ, ਉਹ ਮੇਰੀ ਸਿਲਾਈ ਮਸ਼ੀਨ 'ਤੇ ਨਜ਼ਰ ਰੱਖੀ ਬੈਠਾ ਸੀ ਤੇ ਕਹਿੰਦਾ ਸੀ ਮਾਤਾ ਜੀ, ਤੁਸੀਂ ਇਹ ਕੀ ਕਰਨੀ ਐ, ਮੇਰੀ ਕੁੜੀ ਨੂੰ ਦੇ ਦੇਈਓ, ਉਹ ਸਿਲਾਈ ਸਿੱਖਦੀ ਐ। ਮੈਂ ਤੈਨੂੰ ਦੱਸ ਦੇਵਾਂ, ਖ਼ਬਰਦਾਰ ਜੇ ਸਿਲਾਈ ਮਸ਼ੀਨ ਉਹਨੂੰ ਦਿੱਤੀ ਤਾਂ! ਕਹਿ ਦੇਵੀਂ ਕਿ ਉਹ ਮੇਰੀ ਮਾਂ ਦੀ ਨਿਸ਼ਾਨੀ ਐ..ਅਸੀਂ ਨਹੀਂ ਦੇਣੀ। ਆਉਂਦਾ ਜਾਂਦਾ ਉਹਨੂੰ ਹੈ ਕੱਖ ਨਹੀਂ ਸੀ ਮਰ ਜਾਣੇ ਨੂੰ ਤੇ ਬਣਿਆ ਫਿਰਦਾ ਸੀ ਡਾਕਟਰ! ਮੈਨੂੰ ਤਾਂ ਲੱਗਦਾ ਉਹ ਕਿਤੇ ਕਾਰ ਮਕੈਨਿਕ ਰਿਹਾ ਹੋਣਾ...ਮੈਂ ਉਹਨੂੰ ਜਦੋਂ ਸੱਦਦੀ ਹੁੰਦੀ ਸੀ, ਹਰ ਵਾਰ ਉਹਦੇ ਹੱਥ ਵਿੱਚ ਪਾਨਾ ਹੁੰਦਾ ਸੀ ਨਟ-ਬੋਲਟ ਖੋਲ੍ਹਣ ਵਾਲਾ। ਹੱਥ ਵੀ ਕਾਲੇ ਹੁੰਦੇ ਸੀ। ਗਰੀਸ ਵਾਲੇ। ਮੈਂ ਉਹਦੇ ਹੱਥ ਵਿੱਚ ਕਦੀ ਸਟੈਥੋਸਕੋਪ ਨਹੀਂ ਦੇਖਿਆ। ਇਕ ਦਿਨ ਤਾਂ ਬਾਂਦਰ ਮੂੰਹਾਂ ਜਿਹਾ, ਪਲਾਸ ਤੇ ਹਥੌੜੀ ਲੈ ਕੇ ਮੈਨੂੰ ਦੇਖਣ ਆ ਗਿਆ...ਉਹਨੂੰ ਪੁੱਛੇ ਬਈ ਮੇਰੀ ਕਿੱਕ ਢਿੱਲ ਹੋਈ ਸੀ! ਮਰਜਾਣਾ ਰੇਗਮਾਰ ਲਾ ਕੇ ਪੱਟੀ ਕਰਦਾ ਹੁੰਦਾ ਸੀ...ਅਖੇ ਜ਼ਖ਼ਮ ਸਾਫ ਹੋ ਜਾਂਦਾ ਇਸ ਨਾਲ! ਕਮੀਨਾ ਕਿਸੇ ਥਾਂ ਦਾ। ਇਹਦੀ ਸ਼ਿਕਾਇਤ ਕਰਕੇ ਪਿੰਡੋਂ ਕਢਾਓ ਇਹਨੂੰ!

ਤੇਰੇ ਜਲੰਧਰ ਵਾਲੇ ਪੱਤਰਕਾਰ ਸਾਥੀ...ਬਾਬਾ ਗੁਰਬਖ਼ਸ਼ ਸਿੰਘ ਬੰਨੋਆਣਾ ਤੇ ਦੇਸ ਰਾਜ ਕਾਲੀ ਵੀ ਆਏ ਸੀ ਮਿਲਣ। ਕਾਲੀ ਤਾਂ ਪਛਾਣ ਈ ਨਹੀਂ ਹੋਇਆ ਮੈਥੋਂ...ਬਹੁਤ ਕਮਜ਼ੋਰ ਹੋਇਆ ਸੀ। ਬਾਬਾ ਜੀ ਠੀਕ ਸੀ, ਓਦਾਂ ਦੇ ਈ ਪਏ ਸੀ। ਦੇਸ ਰਾਜ ਮਰ ਜਾਣਾ ਕਹਿੰਦਾ ਸਾਡਾ ਦਿਲ ਨਹੀਂ ਲੱਗਦਾ, ਹੁਣ ਰਿਸ਼ੀ ਨੂੰ ਵੀ ਛੇਤੀ ਸੱਦ ਲੈਣਾ...ਮੈਂ ਟੀਂਡਿਆਂ ਦੀ ਤੌੜੀ ਵਿਚੋਂ ਕੱਢ ਕੇ ਛੱਡਵੀਂ ਕੜਛੀ ਮਾਰੀ ਉਹਦੇ ਗਿੱਟਿਆਂ 'ਤੇ...। ਫੇ ਮਾਫੀਆਂ ਮੰਗਦਾ ਫਿਰੇ! ਬੜੇ ਈ ਨਿਕੰਮੇ ਦੋਸਤ ਐ ਤੇਰੇ, ਇਧਰ ਵੀ ਤੇ ਧਰਤੀ 'ਤੇ ਵੀ। ਦੋਸਤ ਤਾਂ ਚੰਗੇ ਬਣਾ ਲੈਣੇ ਸੀ। ਤੇਰੀ ਮਾਸੀ ਤੇ ਮਾਮਾ-ਮਾਮੀ ਵੀ ਮਿਲਣ ਆਏ ਸੀ...ਤੇਰੀ ਮਾਸੀ ਤਾਂ ਹੁਣ ਮਾਸਟਰਨੀ ਲੱਗੀ ਹੋਈ ਐ ਤੇ ਮਾਮਾ-ਮਾਮੀ ਚੌਥੀ ਤੇ ਪੰਜਵੀਂ ਜਮਾਤ ਚ ਹੋ ਗਏ ਨੇ। ਸਾਰੇ ਮੌਜਾਂ ਚ ਨੇ। ਤੇਰੀ ਨਾਨੀ ਨੇ ਐਨਕਾਂ ਦੀ ਹੱਟੀ ਖੋਲ੍ਹੀ ਹੋਈ ਐ ਤੇ ਨਾਨਾ ਤੇਰਾ ਸ਼ਰਾਬ ਦੇ ਠੇਕੇ 'ਤੇ ਬੈਠਦਾ। ਸਾਡਾ ਫਿਕਰ ਨੀ ਕਰਨਾ। ਸਾਰੇ ਮੌਜਾਂ ਕਰਦੇ ਐ!

ਰੱਬ ਦਾ ਨਾਮ ਲੈ ਲਿਆ ਕਰ ਕਦੀ ਕਦੀ! ਆਪਣੇ ਪਾਠਕਾਂ ਨੂੰ ਮੇਰੇ ਵੱਲੋਂ ਸਲਾਮ ਦੇ ਦੇਵੀਂ! ਫੇਰ ਲਿਖੂੰਗੀ, ਹੁਣ ਮੇਰਾ ਡਿਨਰ ਤਿਆਰ ਕਰਨ ਦਾ ਟਾਇਮ ਹੋ ਗਿਆ!

ਤੇਰੀ ਮਾਂ!


Advice from someone you trust.

Sun Life

Life's brighter under the sun

Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.



ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜ਼ਰੂਰਤ ਹੈ


ਕਾਲ ਕਰੋ:
1 250 319 7263



NEW WAVE OPTICAL

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!



For more info call:
Sandeep Pandher
MANAGER
at 403-999-2500



CHANDIGARH DRIVING SCHOOL
Don't Learn Safety by Accident

Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test

RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP



Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ

Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ,ਜੱਟ ਸਿੱਖ ਗਿੱਲ ਪਰਿਵਾਰ ਦੀ (ਵਿਧਵਾ) ਲੜਕੀ ਉਮਰ 32 ਸਾਲ, ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ : ਐਮ ਏ ,ਬੀਐਂਡ,ਲਈ ਵੈਸ਼ਨੂੰ ,ਚੰਗੇ ਪੜ੍ਹੇਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਡੇਢ ਕੁ ਸਾਲ ਦੀ ਉਮਰ ਦੀ ਬੇਟੀ ਵੀ ਹੈ। ਸੰਪਰਕ 1 289 659 5681 ***239***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਸਿੱਧੂ ਪਰਿਵਾਰ ਦੇ ਪੱਗ ਬੰਨ੍ਹਦੇ, ਕਨੇਡਾ ਵਿੱਚ ਪੜੇ ਲਿਖੇ ਲੜਕੇ, ਉਮਰ 24 ਸਾਲ,ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਇਨਫੋਰਮੇਸ਼ਨ ਟੈਕਨਾਲੋਜੀ,ਸਪੈਸਲੈਜਿੰਗ ਇਨ ਸਾਇਬਰ ਸਕਿ–ਰਿਟੀ ਲਈ ਹਾਣ ਪਰਵਾਣ ਦੀ ਚੰਗੀ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 403 971 5707 ਸ਼ਾਮ ਵੇਲੇ ਲਈ ਫੋਨ: 403 831 7787 ***243***

### ਲੜਕੇ ਦੀ ਲੋੜ
Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੇ ਦੀ ਲੋੜ
ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***241***

### ਲੜਕੀ ਦੀ ਲੋੜ
ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿੱਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254ˆਰ 587 579 4899 ***UN****

### ਲੜਕੀ ਦੀ ਲੋੜ
Well Settled Ramgarhia Family living in Winnipeg from 16 years looking for a suitable match for their son 33-year-old,5-10 Tall. Cleaned shaved, Active in Real Estate and Financing Business in Manitoba and Ontario. Contact Number 204-510-7658 and 519-917-5055 ***238***

### ਲੜਕੀ ਦੀ ਲੋੜ
ਅਮਰੀਕਾ ਵਿੱਚ ਵਰਕ ਪਰਮਿਟ ਤੇ ਕੰਮ ਕਰਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ,ਬੀ ਟੈੱਕ (ਡਰੌਪ ਆਊਟ) ਗੁਰਸਿੱਖ ਪਰਿਵਾਰ ਨਾਲ ਸਬੰਧਿਤ, ਲਈ ਕੈਨੇਡਾ ਜਾਂ ਅਮਰੀਕਾ ਵਿੱਚ ਨਾਗਰਿਕਤਾ ਪ੍ਰਾਪਤ ਜਾਂ ਵਰਕ ਪਰਮਿਟ ਤੇ ਰਹਿ ਰਹੀ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਕਰੋ 825–785–5487 ਜਾਂ ਈ ਮੇਲ: mslummay@gmail.com ***241***

### ਲੜਕੀ ਦੀ ਲੋੜ
ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਆਏ ਲੜਕੇ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ ,ਐਲ ਐਲ ਬੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 672 972 9683 ਜਾਂ 91-9814122621 ***241***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ,ਵੈੱਲ ਸੈਟਲਡ,ਸਿੱਖ ਰਾਜਪੂਤ,ਤਲਾਕ ਸ਼ੁਦਾ ਲੜਕੇ, ਉਮਰ 34 ਸਾਲ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 433 7245 ਜਾਂ 403 863 1809 ***241***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਸਾਲ,ਕੱਦ 6 ਫੁੱਟ 2 ਇੰਚ, ਵਿੱਦਿਅਕ ਯੋਗਤਾ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਸੁਭਾਅ ਵਾਲਾ ਨਸ਼ੇ ਤੋਂ ਰਹਿਤ ਵੈਜੀਟੇਰੀਅਨ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਸੰਪਰਕ: 403 667 9796 ***241***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ, ਰਾਮਗੜ੍ਹੀਆ ਸਿੱਖ ਕਲਸੀ ਪਰਿਵਾਰ ਦੀ ਤਲਾਕਸ਼ੁਦਾ ਲੜਕੀ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ ਬੀ ਏ ਲਈ ਹਾਣ ਪ੍ਰਵਾਣ ਦੇ ਰਾਮਗੜ੍ਹੀਆਂ ਸਿੱਖ ਪਰਿਵਾਰ ਵਿੱਚੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈੱਗ ਨੂੰ ਪਹਿਲ। ਸੰਪਰਕ: 1 204 599 9184 ***241***

### ਲੜਕੇ ਦੀ ਲੋੜ
ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ ਜਾਂ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***237***

### ਲੜਕੇ ਦੀ ਲੋੜ
ਕਨੇਡੀਅਨ ਵਰਕ ਪਰਮਿਟ ਹੋਲਡਰ,ਰਾਮਦਾਸੀਆ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 4 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ,ਪੀ ਜੀ ਡੀ ਸੀ ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ: 403 926 7372 ਜਾਂ 94648 35098 ***241***

### ਲੜਕੇ ਦੀ ਲੋੜ
ਜੱਟ ਸਿੱਖ ਕੰਗ ਪਰਿਵਾਰ ਦੀ ਸੋਹਣੀ ਸੁਨੱਖੀ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਜਨਮ ਦਸੰਬਰ 1989,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ : ਬੀ ਐੱਸ ਸੀ ,ਆਈ ਟੀ, ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੀ ਹੈ, ਲਈ ਹਾਣ ਪ੍ਰਵਾਣ ਦੇ ਬਿਲਕੁੱਲ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 570 7133 ***241***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ( Short term Divorce) ਲੜਕੀ ਉਮਰ 26 ਸਾਲ, ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਐਸ ਸੀ ,ਮੌਜੂਦਾ ਸਮੇ ਮੈਨੇਜਰ ਦੀ ਜੌਬ ਕਰ ਰਹੀ ਲਈ ਨਸ਼ਿਆਂ ਤੋਂ ਰਹਿਤ,ਵੈਜੀਟੇਰੀਅਨ ਗਰੈਜੂਏਟ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਗੁਰਸਿੱਖ ਅਤੇ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਅਲਬਰਟਾ ,ਬੀ ਸੀ ਨੂੰ ਪਹਿਲ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲਿਆਂ ਵਾਲੇ ਕੇਸ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 585 3498 ਜਾਂ 91 95929 91213 ***237***

### ਲੜਕੀ ਦੀ ਲੋੜ
ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿਜਟਿਰ ਵੀਜੇ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸ਼ੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ। ਸੰਪਰਕ: 403 681 0037 ਜਾਂ 403 614 0001 ***240***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ, ਜਨਮ ਦਸੰਬਰ 1991, ਕਲੀਨ ਸੇਵ, ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ: ਐਮ ਟੈੱਕ, ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸ਼ੁਦਾ,ਕੈਲਗਰੀ ਰਹਿੰਦੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵਾਲਮਾਰਟ ਫਲੀਟ ਵਿੱਚ ਡਰਾਈਵਰ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। (Girl upper caste no bar) ਸੰਪਰਕ: 587 707 4291 ***240***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀਲਿਖੀ,(Innocently Divorced) ਵਾਸਤੇ ਪੜ੍ਹੇਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***240***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 163 ਸੈਂਟੀਮੀਟਰ, ਵਿੱਦਿਅਕ ਯੋਗਤਾ : Criminology diploma ਹੋਲਡਰ ਅਤੇ ਹੁਣ ਹੈਲਥ ਕੇਅਰ ਅਸਿਸਟੈਂਟ ਦੀ ਜੌਬ ਕਰ ਰਹੀ ਲਈ ਵੈਜੀਟੇਰੀਅਨ ,ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: ਵਟਸਐਪ 91 8264464235 ਜਾਂ 1 204 730 7535 ***240***

### ਲੜਕੇ ਦੀ ਲੋੜ
Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

### ਅੰਗਹੀਣ ਲੜਕੀ ਦੀ ਲੋੜ
ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ,ਵੈਸ਼ਨੂੰ ਜੱਟ ਸਿੱਖ ਧਾਲੀਵਾਲ,ਉਮਰ 30 ਸਾਲਕੱਦ 5 ਫੁੱਟ 9 ਇੰਚ, ਪੈਟਰੋਲੀਅਮ ਇੰਜੀਨੀਅਰ ਦੀ ਜੌਬ ਕਰ ਰਹੇ ਲੜਕੇ ਲਈ ਬੀ ਐਸ ਸੀ ਨਰਸਿੰਗ,ਆਰ ਐਨ, ਕੱਦ 5 ਫੁੱਟ 4 ਇੰਚ, ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਕੇਸ ਵੀ ਵਿਚਾਰਨ ਯੋਗ। ਸੰਪਰਕ ਵਟਸਐਪ : 1 306 209 3896 ***240 RG ***

### ਲੜਕੀ ਦੀ ਲੋੜ
ਕਨੇਡੀਅਨ ਸਿਟੀਜਨ ਨਾਈ ਸਿੱਖ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ, ਵਿੱਦਿਅਕ ਯੋਗਤਾ: 4 Year Software Engineering University of Calgary ਤੋਂ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ,ਸੋਹਣੀ ਸੁਨੱਖੀ, ਲੰਮੀ ਪਤਲੀ, ਨਰਮ ਸੁਭਾਅ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਸੈਟਲ ਹੈ ਅਤੇ ਕਨੇਡਾ ਵਿੱਚ ਚੰਗੀ ਜੌਬ ਕਰਦਾ ਹੈ। ਸੰਪਰਕ: 403 889 6509 ਜਾਂ 91 855 8070708 ***239***

### ਲੜਕੀ ਦੀ ਲੋੜ
ਇਟਾਲੀਅਨ ਸਿਟੀਜਨ ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ਉਮਰ 39,ਕੱਦ 5 ਫੁੱਟ 11 ਇੰਚ, ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜ਼ਾ ਜਾਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਨੇ ਇਟਲੀ ਤੋਂ ਇਲੈਕਟਰੀਕਲ ਦੀ ਪੜਾਈ ਕੀਤੀ ਅਤੇ ਇਲੈਕਟਰਾਨਿਕ ਕੰਪਨੀ ਵਿੱਚ ਕੰਮ ਦਾ ਤਜ਼ਰਬਾ ਵੀ ਹੈ। ਲੜਕੇ ਦਾ ਪਿਛੋਕੜ ਪੰਜਾਬ ਤੋਂ ਜਗਰਾਵਾਂ ਨਾਲ ਹੈ। ਸੰਪਰਕ: 587 707 3871 ***239***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 867 4005 ***239***

### ਲੜਕੇ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਇੰਡੀਆ ਤੋਂ ਬੀ ਐਸ ਸੀ ਨਰਸਿੰਗ,ਫਿਰ ਕਨੇਡਾ ਆਕੇ ਦੋ ਸਾਲ ਹੋਰ ਪੜ੍ਹਾਈ ਕੀਤੀ ਅਤੇ ਹੁਣ ਆਰ ਐਨ ਦੀ ਜੌਬ ਕਰ ਰਹੀ ਹੈ। ਲੜਕੀ ਕੋਲ ਓਨਟਾਰੀਓ ਅਤੇ ਅਲਬਰਟਾ ਵਿੱਚ ਜੌਬ ਕਰਨ ਲਈ ਲਾਇਸੈਂਸ ਹੈ। ਹਾਣ ਪ੍ਰਵਾਣ ਦੀ ਯੋਗਤਾ,ਚੰਗੀ ਪੜ੍ਹਾਈ ਵਾਲੇ ਨਸ਼ਾ ਰਹਿਤ ਕਨੇਡਾ ਵਿੱਚ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1-825 561 7779 ***239***

### ਲੜਕੇ ਦੀ ਲੋੜ
ਕਨੇਡੀਅਨ ਬੌਰਨ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 25 ਸਾਲ ਕੱਦ 5 ਫੁੱਟ 3 ਇੰਚ ਜਨਮ 1997 ਬੀ ਏ ,ਬੀ ਐੱਡ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਪੱਕੇ ਤੌਰ ਤੇ ਕੈਲਗਰੀ ਵਿਖੇ ਹੀ ਜੌਬ ਕਰ ਰਹੀ ਹੈ । ਸੰਪਰਕ : ਵਟਸ ਐਪ ਮੈਸਿਜ ਜਾਂ ਫੋਨ ਕਾਲ 403 970 3191 ***238***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਕੰਬੋਜ਼ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਬੈਚੂਲਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਅਤੇ ਭਰਾ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਉਹਨਾਂ ਕੋਲ ਆਪਣਾ ਘਰ ਹੈ। ਲੜਕੇ ਕੋਲ ਵੀ ਆਪਣਾ ਵੱਖਰਾ ਘਰ ਹੈ । ਸੰਪਰਕ: 306 521 0275 ***238***

### ਲੜਕੇ ਦੀ ਲੋੜ
ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 0091 9464034653 ਜਾਂ 1 236 458 2228 ***238***

### ਲੜਕੀ ਦੀ ਲੋੜ
ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ। ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ। ਵਟਸਐਪ: 403 680 0436 ******

### ਲੜਕੇ ਦੀ ਲੋੜ
ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000



**ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ**

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.



**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615





## ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ

ਕੈਲਗਰੀ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਸਥਾਪਿਤ ਕੀਤੀ ਗਈ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੀ ਮੀਟਿੰਗ 24 ਮਾਰਚ 2024 ਨੂੰ ਨਮਸਤੇ ਰੈਸਟੋਰੈਂਟ ਨਾਰਥ ਈਸਟ ਵਿਖੇ ਦੁਪਹਿਰ 2:30 ਵਜੇ ਤੋਂ ਲੈਕੇ 4:30 ਤੱਕ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਾਮਗੜ੍ਹੀਆ ਸਿੱਖ ਸੋਸਾਇਟੀ ਕੈਲਗਰੀ ਦੇ ਪ੍ਰਧਾਨ ਕੈਮ ਖਾਂਬਾ ਨੇ ਦੱਸਿਆ ਕਿ ਭਵਿੱਖ ਵਿੱਚ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਰੂਪ ਰੇਖਾ ਤਿਆਰ ਕਰਨ ਦਾ ਵਿਚਾਰ ਹੈ। ਕੈਲਗਰੀ ਵਿੱਚ ਨਵੇਂ ਆਏ ਅਤੇ ਪਹਿਲਾਂ ਤੋਂ ਹੀ ਰਹਿ ਰਹੇ ਰਾਮਗੜ੍ਹੀਆ ਭਾਈਚਾਰੇ ਦੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਉਹ ਇਸ ਦਿਨ ਸਮੇਂ ਸਿਰ ਪਹੁੰਚਕੇ ਆਪਣੇ ਵਿਚਾਰ ਦੇਣ ਤਾਂ ਕਿ ਭਵਿੱਖ ਵਿੱਚ ਰਾਮਗੜ੍ਹੀਆ ਭਾਈਚਾਰੇ ਵੱਲੋਂ ਗੁਰੂਘਰ ਦੀ ਸਥਾਪਨਾ ਅਤੇ ਹੋਰ ਪਰਜੈਕਟਾਂ ਸਬੰਧੀ ਉਸਾਰੂ ਵਿਚਾਰ ਹੋ ਸਕੇ। ਵਧੇਰੇ ਜਾਣਕਾਰੀ ਲਈ ਕੈਮ ਖਾਂਬਾ ਨਾਲ 403 975 0128 ਉੱਪਰ ਸੰਪਰਕ ਕਰ ਸਕਦੇ ਹੋ।

## Name Change

I, **BALJINDER KAUR** daughter of **MOHINDER SINGH,** holder of Indian **Passport No.# S5211093,** issued at **JALANDHAR, on 27/08/2018,** permanent resident of **VILLAGE KAILPUR,PO: DAKHA, JAGRAON (LUDHIANA) PIN: 141102, PUNJAB, INDIA** and presently residing at **8413 SADDLERIDGE DR NE CALGARY (AB) T3J4W9** hereby change my name from BALJINDER KAUR to **BALJINDER KAUR AULAKH,** with immediate effect.

Date: 30/JAN/ 2024 Cont.: 587 968 8513

## ਆਪਣੀ ਕਾਮਨ ਲਾਅ ਪਾਰਟਨਰ, ਤਿੰਨ ਬੱਚਿਆਂ ਤੇ ਟੀਨੇਜਰ ਨੂੰ ਮਾਰਨ ਵਾਲੇ ਵਿਅਕਤੀ ਨੂੰ ਚਾਰਜ ਕੀਤਾ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੇ ਇੱਕ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਦੇ ਪੰਜ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਮਾਰੇ ਗਏ ਲੋਕਾਂ ਵਿੱਚ ਦੋ ਮਹੀਨਿਆਂ ਦੀ ਬੱਚੀ ਸਮੇਤ ਦੋ ਹੋਰ ਨਿੱਕੇ ਬੱਚੇ, ਬੱਚਿਆਂ ਦੀ ਮਾਂ ਤੇ ਇੱਕ ਟੀਨੇਜਰ ਰਿਸ਼ਤੇਦਾਰ ਸ਼ਾਮਲ ਹਨ। ਆਰਸੀਐਮਪੀ ਵੱਲੋਂ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਇਸ ਘਟਨਾ ਦੇ ਵੇਰਵੇ ਦੱਸੇ ਗਏ। ਪ੍ਰੀਮੀਅਰ ਵੈਬ ਕਿਨਿਊ ਨੇ ਇਸ ਮੌਕੇ ਭਾਵੁਕ ਹੁੰਦਿਆਂ ਆਖਿਆ ਕਿ ਇਹ ਪੂਰੇ ਪ੍ਰੋਵਿੰਸ ਲਈ ਬਹੁਤ ਹੀ ਦੁਖੀ ਕਰ ਦੇਣ ਵਾਲੀ ਘਟਨਾ ਹੈ।ਇਸ ਘਟਨਾ ਨੂੰ ਅੰਜਾਮ ਦੇਣ ਵਾਲੇ 29 ਸਾਲਾ ਰਾਇਨ ਹੌਵਰਡ ਮੈਨਕੀਸਿੱਕ ਨੂੰ ਆਪਣੀ 30 ਸਾਲਾ ਕਾਮਨ ਲਾਅ ਪਾਰਟਨਰ, ਛੇ ਸਾਲਾ ਬੱਚੀ, ਚਾਰ ਸਾਲਾ ਲੜਕੇ ਤੇ ਦੋ ਮਹੀਨਿਆਂ ਦੀ ਬੱਚੀ ਦੇ ਨਾਲ ਨਾਲ ਬੱਚਿਆਂ ਦੀ ਮਾਂ ਦੀ 17 ਸਾਲਾ ਭਾਣਜੀ ਨੂੰ ਕਤਲ ਕਰਨ ਲਈ ਚਾਰਜ ਕੀਤਾ ਗਿਆ ਹੈ। ਪੁਲਿਸ ਵੱਲੋਂ ਮਾਰੇ ਗਏ ਲੋਕਾਂ ਦੇ ਨਾਂਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

ਇਸ ਮਾਮਲੇ ਦੀ ਜਾਂਚ ਉਸ ਸਮੇਂ ਸ਼ੁਰੂ ਕੀਤੀ ਗਈ ਜਦੋਂ ਹਾਈਵੇਅ 3 ਉੱਤੇ ਹਿੱਟ ਐਂਡ ਰੰਨ ਮਾਮਲੇ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਸੱਦਿਆ ਗਿਆ। ਬੱਚਿਆਂ ਦੀ ਮਾਂ ਇੱਕ ਖੱਡ ਵਿੱਚ ਮ੍ਰਿਤਕ ਪਈ ਮਿਲੀ। ਇਸ ਤੋਂ ਦੋ ਘੰਟੇ ਬਾਅਦ ਉੱਤਰ ਵੱਲ 70 ਕਿਲੋਮੀਟਰ ਦੀ ਦੂਰੀ ਉੱਤੇ ਪੁਲਿਸ ਅਧਿਕਾਰੀਆਂ ਨੂੰ ਇੱਕ ਸੜਦੀ ਹੋਈ ਗੱਡੀ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਆਰਸੀਐਮਪੀ ਨੇ ਆਖਿਆ ਕਿ ਮੈਨਕੀਸਿੱਕ ਨੂੰ ਤਿੰਨ ਬੱਚਿਆਂ ਨੂੰ ਗੱਡੀ ਵਿੱਚੋਂ ਕੱਢਦਿਆਂ ਵੇਖਿਆ ਗਿਆ। ਬੱਚਿਆਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਮੈਨਕੀਸਿੱਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ।ਅਗਲੇਰੀ ਜਾਂਚ ਦੌਰਾਨ ਪੁਲਿਸ ਅਧਿਕਾਰੀ ਕਾਰਮੈਨ ਦੇ ਇੱਕ ਘਰ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੂੰ ਟੀਨੇਜਰ ਦੀ ਲਾਸ਼ ਮਿਲੀ।ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


## ਫੈਡਰਲ ਸਰਕਾਰ, ਕਾਰਬਨ ਟੈਕਸ ਛੋਟ ਨੂੰ ਹੁਣ ਨਵੇਂ ਨਾਂ ਨਾਲ ਪੇਸ਼ ਕਰ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਛੋਟ ਨੂੰ ਰੀਬ੍ਰੈਂਡ ਕੀਤਾ ਜਾ ਰਿਹਾ ਹੈ। ਇਸ ਨੂੰ ਪਹਿਲਾਂ ਕਲਾਈਮੇਟ ਐਕਸ਼ਨ ਇੰਸੈਂਟਿਵ ਪੇਅਮੈਂਟ ਵਜੋਂ ਜਾਣਿਆ ਜਾਂਦਾ ਸੀ ਤੇ ਹੁਣ ਲਿਬਰਲ ਇਸ ਨੂੰ ਕੈਨੇਡਾ ਕਾਰਬਨ ਰੀਬੇਟ ਦਾ ਨਾਂ ਦੇ ਰਹੇ ਹਨ। ਨਾਂ ਵਿੱਚ ਆਈ ਇਸ ਤਬਦੀਲੀ ਨਾਲ ਫੈਡਰਲ ਫਿਊਲ ਚਾਰਜ ਸਿਸਟਮ ਤੇ ਰੀਫੰਡ ਕਰਨ ਦੇ ਤਰੀਕੇ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਸਰਕਾਰ ਵੱਲੋਂ ਜਾਰੀ ਕੀਤੀ ਗਈ ਪ੍ਰੈੱਸ ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਨਾਂ ਨਾਲ ਇਹ ਸਪਸ਼ਟ ਹੋਵੇਗਾ ਕਿ ਕੈਨੇਡਾ ਦੀ ਕਾਰਬਨ ਛੋਟ ਕਿਸ ਤਰ੍ਹਾਂ ਕੰਮ ਕਰਦੀ ਹੈ। ਇਸ ਨਾਲ ਕੈਨੇਡੀਅਨਜ਼ ਨੂੰ ਵੀ ਕਾਰਬਨ ਪ੍ਰਾਈਸਿੰਗ ਸਿਸਟਮ ਦਾ ਮਤਲਬ ਤੇ ਸਬੰਧ ਚੰਗੀ ਤਰ੍ਹਾਂ ਸਮਝ ਆਵੇਗਾ। ਸਰਕਾਰ ਅਨਸਾਰ ਪਿਛਲੇ ਨਾਂ ਨਾਲ ਕਾਰਬਨ ਟੈਕਸ ਪਲੈਨ ਨੂੰ ਸਮਝਣਾ ਜਾਂ ਜੋੜਨਾ ਔਖਾ ਸੀ।ਲੇਬਰ ਮੰਤਰੀ ਸੀਮਸ ?ਰੀਗਨ ਨੇ ਆਖਿਆ ਕਿ ਜੇ ਅਸੀਂ ਲੋਕਾਂ ਦੀ ਜ਼ੁਬਾਨ ਵਿੱਚ ਹੀ ਉਨ੍ਹਾਂ ਨੂੰ ਦੱਸੀਏ ਕਿ ਸਰਕਾਰ ਦਾ ਮੰਤਵ ਕੀ ਹੈ ਤਾਂ ਉਨ੍ਹਾਂ ਨੂੰ ਜਲਦੀ ਸਮਝ ਆਉਂਦਾ ਹੈ। ਲੋਕ ਕਾਰਬਨ ਲਫਜ਼ ਦੀ ਵਰਤੋਂ ਕਰਦੇ ਹਨ ਤੇ ਛੋਟ ਦੀ ਵਰਤੋਂ ਵੀ ਕਰਦੇ ਹਨ, ਇਸ ਲਈ ਜੇ ਅਸੀਂ ਵੀ ਉਨ੍ਹਾਂ ਦੀ ਜ਼ੁਬਾਨ ਵਿੱਚ ਹੀ ਉਨ੍ਹਾਂ ਨੂੰ ਦੱਸੀਏ ਕਿ ਸਰਕਾਰ ਉਨ੍ਹਾਂ ਲਈ ਕੀ ਕਰ ਰਹੀ ਹੈ ਤਾਂ ਉਹ ਜ਼ਿਆਦਾ ਵਧੀਆ ਹੋਵੇਗਾ। ਪ੍ਰਦੂਸ਼ਣ ਸਬੰਧੀ ਪ੍ਰਾਈਸਿੰਗ ਪ੍ਰੋਗਰਾਮ ਤੇ ਰੀਬੇਟ ਸਿਸਟਮ 2019 ਤੋਂ ਹੀ ਲਾਗੂ ਹੈ। ਜਿਨ੍ਹਾਂ ਪ੍ਰੋਵਿੰਸਾਂ ਵਿੱਚ ਫੈਡਰਲ ਸਰਕਾਰ ਦਾ ਇਹ ਸਿਸਟਮ ਅਪਲਾਈ ਹੁੰਦਾ ਹੈ ਉੱਥੇ ਹਰ ਤਿੰਨ ਮਹੀਨੇ ਵਿੱਚ ਕੈਨੇਡੀਅਨਜ਼ ਨੂੰ ਸਿੱਧੇ ਡਿਪਾਜ਼ਿਟ ਜਾਂ ਚੈੱਕ ਰਾਹੀਂ ਇਹ ਛੋਟ ਦਿੱਤੀ ਜਾਂਦੀ ਹੈ।ਅਪਰੈਲ ਤੋਂ ਸ਼ੁਰੂ ਹੋ ਕੇ ਚਾਰ ਜੀਆਂ ਦੇ ਪਰਿਵਾਰ ਨੂੰ ਹੇਠ ਲਿਖੇ ਮੁਤਾਬਕ ਕੈਨੇਡਾ ਕਾਰਬਨ ਰਿਬੇਟ ਮਿਲੇਗੀ:

- $1,800 in Alberta ($450 quarterly);
- $1,200 in Maintoba ($300 quarterly);
- $1,120 in Ontairo ($280 quarterly);
- $1,504 in Saskatchewan ($376 quarterly);
- $760 in New Brunsiwck ($190 quarterly);
- $824 in Nova Scoita ($206 quarterly);
- $880 in Pirnce Edward Island ($220 quarterly); and,
- $1,192 in Newfoundland and Labrador ($298 quarterly).




# ਲਾਲ ਚੂੜਾ ਛਣਕਦਾ-1



ਗਿਆਨ ਚੰਦ ਧਵਨ

ਸੰਨ 2018 ਦੀ ਇੰਗਲੈਂਡ ਫੇਰੀ ਸਮੇਂ, ਲੰਡਨ ਦੇ ਹੇਜ਼ ਇਲਾਕੇ ਵਿੱਚ, ਮੈਨੂੰ ਮੇਰੇ ਦੋਸਤ ਲਖਵਿੰਦਰ ਗਿੱਲ 'ਪਿੰਕ ਸਿਟੀ' ਵਾਲੇ ਦੀ ਬਦੌਲਤ, ਪਾਕਿਸਤਾਨ ਦੇ ਬਣੇ ਕੁੱਝ ਭਾਰਤੀ ਪੰਜਾਬੀ ਗਾਇਕਾਂ ਦੇ ਰਿਕਾਰਡ ਮਿਲੇ। ਉਸਦਾ ਕਾਰਨ ਇਹ ਸੀ ਕਿ ਵਿਸ਼ਵ ਪ੍ਰਸਿੱਧ ਸੰਗੀਤ ਕੰਪਨੀ ਹਿਜ਼ ਮਾਸਟਰਜ਼ ਵਾਇਸ (ਐੱਚ. ਐੱਮ. ਵੀ.) ਇੰਗਲੈਂਡ ਦੀ ਹੀ ਸੀ। ਵੱਖ ਵੱਖ ਦੇਸ਼ਾਂ ਵਿੱਚ ਉਸਦੀਆਂ ਸ਼ਾਖਾਵਾਂ ਸਨ। ਪਰ ਉਸਦਾ ਮੁੱਖ ਦਫਤਰ ਹੇਜ਼, ਲੰਡਨ ਵਿੱਚ ਹੀ ਸੀ। ਭਾਰਤ ਦੀ ਵੰਡ ਤੋਂ ਬਾਅਦ ਉਸਦੀ ਕਲਕੱਤਾ ਸ਼ਾਖਾ ਤੋਂ ਬਿਨਾਂ ਅੱਗੇ ਕਰਾਚੀ ਅਤੇ ਢਾਕੇ ਵੀ ਸ਼ਾਖਾਵਾਂ ਖੁੱਲ ਗਈਆਂ।

ਪਾਕਿਸਤਾਨੀ ਮੂਲ ਦੇ ਵੱਡੇ ਗਾਇਕਾਂ ਦੇ ਰਿਕਾਰਡ ਕਲਕੱਤੇ ਵੀ ਬਣੇ। ਜਿਵੇਂ ਕਿ ਨੂਰ ਜਹਾਂ, ਮਹਿੰਦੀ ਹਸਨ, ਆਲਮ ਲੁਹਾਰ, ਰੇਸ਼ਮਾਂ, ਸ਼ੌਕਤ ਅਲੀ। ਇਵੇਂ ਹੀ ਭਾਰਤੀ ਮੂਲ ਦੇ ਪ੍ਰਸਿੱਧ ਕਲਾਕਾਰ ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਲਾਲ ਚੰਦ ਯਮਲਾ ਜੱਟ, ਮੁਹੰਮਦ ਸਦੀਕ ਦੇ ਰਿਕਾਰਡ ਕਰਾਚੀ ਵਿੱਚ ਬਣੇ।

ਲੰਡਨ 'ਚੋਂ ਜਿਹੜੇ ਰਿਕਾਰਡ ਮੈਨੂੰ ਮਿਲੇ ਉਹਨਾਂ ਨੂੰ ਦੇਖ ਕੇ ਮੇਰੀ ਰੂਹ ਰੁਸ਼ਨਾ ਗਈ। ਵੇਂਹਿੰਦਿਆ ਸਾਰ ਮੈਂ ਉਸ ਅਵਸਥਾ 'ਚ ਪੁੱਜ ਗਿਆ, ਜਿਸ ਨੂੰ ਅਲਫਾਜ਼ ਰਾਹੀਂ ਬਿਆਨ ਕਰਨਾ ਮੁਸ਼ਕਿਲ ਹੈ। ਸਿਰਫ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਉੱਥੋਂ ਜੋ ਰਿਕਾਰਡ ਮੈਨੂੰ ਮਿਲੇ ਉਹਨਾਂ 'ਚੋਂ ਕੁੱਝ ਕੁ ਦੀ ਤਫ਼ਸੀਲ ਇੱਥੇ ਦੇਣੀ ਲਾਜ਼ਮੀ ਹੈ :

**ਰਿਕਾਰਡ ਦਾ ਲੜੀ ਨੰਬਰ- EKDC1003**
**ਗੀਤ- ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ**
**ਕਲਾਕਾਰ- ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ**
**ਗੀਤਕਾਰ- ਜੀ. ਸੀ. ਧਵਨ**
**ਗੀਤ- ਸਾਡੇ ਤਾਂ ਵੇਹੜੇ ਮੁੱਢ ਮਕੱਈ ਦਾ**
**ਗੀਤਕਾਰ- ਜੀ. ਸੀ. ਧਵਨ**

**ਰਿਕਾਰਡ ਦਾ ਲੜੀ ਨੰਬਰ- EKDC 1004**
**ਗੀਤ- ਬਾਜਰੇ ਦਾ ਸਿੱਟਾ ਅਸਾਂ ਤਲੀ ਤੇ ਮਰੋੜਿਆ**
**ਕਲਾਕਾਰ- ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ**
**ਗੀਤਕਾਰ- ਜੀ. ਸੀ. ਧਵਨ**
**ਗੀਤ- ਚੰਨ ਵੇ ਕਿ ਸ਼ੌਂਕਣ ਮੇਲੇ ਦੀ**
**ਕਲਾਕਾਰ- ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ**
**ਗੀਤਕਾਰ- ਐਨ. ਨੂਰਪੁਰੀ**

***ਰਿਕਾਰਡ ਦਾ ਲੜੀ ਨੰਬਰ- EKDC1005***
**ਗੀਤ- ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ**
**ਕਲਾਕਾਰ- ਸੁਰਿੰਦਰ ਕੌਰ**
**ਗੀਤਕਾਰ- ਜੀ. ਸੀ. ਧਵਨ**

ਰਿਕਾਰਡ ਦੇਖ ਕੇ ਮਨ ਨੂੰ ਅੱਚਵੀ ਜਿਹੀ ਹੋਈ, ਇਕ ਜਗਿਆਸਾ ਜਾਗੀ। ਸੋਚਿਆ ਕਿ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਨਾਮ ਨੂੰ ਤਾਂ ਸਾਰਾ ਪੰਜਾਬੀ ਜਗਤ ਜਾਣਦਾ ਹੈ, ਨੂਰਪੁਰੀ ਦੇ ਨਾਮ ਤੋਂ ਵੀ ਸਾਰੇ ਵਾਕਫ ਹੀ ਨੇ। ਪਰ ਸੁਆਲ ਉੱਠਿਆ ਕਿ ਇਹ ਜੀ. ਸੀ. ਧਵਨ ਕੌਣ ਹੋਇਆ ?

ਵਾਪਸ ਵਤਨ ਪਰਤ ਕੇ ਆਪਣੇ ਘਰ ਨਿੱਕੀ ਜਿਹੀ ਲਾਇਬਰੇਰੀ 'ਚ ਰਿਕਾਰਡਾਂ ਦੀ ਫਰੋਲਾ-ਫਰਾਲੀ ਕਰਦਿਆਂ, ਐੱਚ. ਐਮ. ਵੀ. ਕਲਕੱਤਾ ਦਾ ਬਣਿਆ ਇਕ ਰਿਕਾਰਡ ਨਜ਼ਰੀਂ ਪੈ ਗਿਆ।

***ਰਿਕਾਰਡ ਦਾ ਲੜੀ ਨੰਬਰ- N-94034***
***ਗੀਤ- ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ***
***ਕਲਾਕਾਰ- ਸੁਰਿੰਦਰ ਕੌਰ***
***ਗੀਤਕਾਰ- ਗਿਆਨ ਚੰਦ ਧਵਨ***

ਹੁਣ ਇਕ ਗੱਲ ਤਾਂ ਸ਼ਪੱਸ਼ਟ ਹੋ ਗਈ ਸੀ ਕਿ ਇਹ ਜੀ. ਸੀ. ਧਵਨ ਤੇ ਗਿਆਨ ਚੰਦ ਧਵਨ ਇੱਕੋ ਹੀ ਇਨਸਾਨ ਹੈ। ਪਰ ਇਸ ਬਾਰੇ ਕਿਸੇ ਅਖ਼ਬਾਰ, ਕਿਤਾਬ, ਇੰਟਰਨੈਟ ਸਾਇਟ ਜਾਂ ਯੂ-ਟਿਊਬ ਵਗੈਰਾ 'ਤੇ ਕਿਧਰੇ ਕੋਈ ਜਾਣਕਾਰੀ ਨਹੀਂ ਮਿਲੀ। ਫਰੋਲਾ-ਫਰੋਲੀ ਦਰਮਿਆਨ ਹੀ, ਇਕ ਹੋਰ ਰਿਕਾਰਡ ਲੱਭ ਗਿਆ:

***ਲੜੀ ਨੰਬਰ- N93107***
***ਸਾਲ- 1965***
***ਝੱਗਾ ਵੈਲ ਦਾ ਤੇ ਉੱਤੇ ਲੱਗੇ ਤਾਰੇ, ਨਾ ਕੱਲੀ ਕਿਤੇ ਜਾਈਂ ਬੱਲੀਏ ਤੇਰੇ ਰੰਗ ਦੇ ਨੇ ਦੁਸ਼ਮਣ ਸਾਰੇ***
***ਗਾਇਕ- ਮੁਹੰਮਦ ਸਦੀਕ***
***ਗੀਤਕਾਰ- ਗਿਆਨ ਚੰਦ ਧਵਨ***

ਮੈਨੂੰ ਲੱਗਿਆ ਕਿ ਗੱਲ ਰਾਹ ਪੈ ਗਈ ਹੈ। ਰਾਤ ਦੇ ਦਸ ਵੱਜ ਚੁੱਕੇ ਸਨ। ਮੈਂ ਤੁਰੰਤ ਮੁਹੰਮਦ ਸਦੀਕ ਨੂੰ ਫੋਨ ਕੀਤਾ ਤੇ ਹਾਬੜਿਆਂ ਵਾਂਗ ਸੁਆਲ ਪੁੱਛਿਆ,

"ਸਦੀਕ ਸਾਹਿਬ! ਇਹ ਗਿਆਨ ਚੰਦ ਧਵਨ ਜੀ ਕੌਣ ਨੇ ?"

ਅੱਗੋਂ ਸਦੀਕ ਸਾਹਿਬ ਕਹਿੰਦੇ,

"ਬਾਂਸਲ, ਮੈਂ ਨਹੀਂ ਜਾਣਦਾ ਇਹਨਾਂ ਨੂੰ।" ਉਹਨਾਂ ਇੰਨਾ ਕਿਹਾ ਤਾਂ ਮੇਰਾ ਦੂਸਰਾ ਸੁਆਲ ਸੀ,

"ਸਦੀਕ ਸਾਹਿਬ, ਤੁਸੀਂ ਤਾਂ 1965 'ਚ ਇਹਨਾਂ ਦੇ ਗੀਤ ਵੀ ਰਿਕਾਰਡ ਕਰਵਾਏ ਹੋਏ ਐ ?"

ਇਸ 'ਤੇ ਸਦੀਕ ਸਾਹਿਬ ਕਹਿੰਦੇ,

"ਬਾਂਸਲ, ਇਹ ਦਿੱਲੀ ਦੇ ਰਹਿਣ ਵਾਲੇ ਬਹੁਤ ਵੱਡੇ ਗੀਤਕਾਰ ਸਨ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਮਸਤਾਨਾ ਜੀ ਨੇ ਇਹਨਾਂ ਦੇ ਬਹੁਤ ਗੀਤ ਗਾਏ ਨੇ। ਪਰ ਮੈਨੂੰ ਐੱਚ. ਐਮ. ਵੀ. ਕੰਪਨੀ ਦੇ ਮੈਨੇਜਰ ਬਾਬੂ ਸੰਤ ਰਾਮ ਜੀ ਨੇ ਇਹ ਗੀਤ ਦਿੱਤੇ ਸਨ। ਮੈਨੂੰ ਗੀਤ ਬਹੁਤ ਚੰਗੇ ਲੱਗੇ ਤੇ ਮੈਂ ਕੰਪੋਜ਼ ਕਰਕੇ ਰਿਕਾਰਡ ਕਰਵਾ ਦਿੱਤੇ। ਪਰ ਮੈਂ ਧਵਨ ਸਾਹਿਬ ਨੂੰ ਕਦੇ ਨਹੀਂ ਮਿਲਿਆ।"

ਇਸ ਤਰਾਂ ਮੇਰੀ ਗੱਲ ਫਿਰ ਖੂਹ 'ਚ ਇੱਟ ਵਾਂਗ ਜਾ ਡਿੱਗੀ। ਗੱਲ ਕਿਸੇ ਤਣ-ਪੱਤਣ ਨਹੀਂ ਲੱਗ ਰਹੀ ਸੀ। ਇਸੇ ਦੌਰਾਨ ਮੇਰੇ ਹੱਥ ਮੌਲਾ ਬਖਸ਼ ਕੁਸ਼ਤਾ ਦੀ ਕਿਤਾਬ 'ਪੰਜਾਬ ਦੇ ਹੀਰੇ' ਲੱਗੀ। ਇਸ ਕਿਤਾਬ ਵਿੱਚ ਪੰਜਾਬ ਦੇ ਪਹਿਲੇ ਦੌਰ ਦੇ ਕਵੀ ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਗੁਰਮੁਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਤੀਰ, ਬਲਦੇਵ ਚੰਦ ਬੇਕਲ, ਲਾਲਾ ਸੁੰਦਰ ਦਾਸ ਆਸੀ, ਲਾਲਾ ਗਿਆਨ ਚੰਦ ਧਵਨ। ਬੱਸ ਇੰਨਾ ਕੁ ਹੀ ਜ਼ਿਕਰ ਸੀ। ਪਰ ਇਸ ਤੋਂ ਅੱਗੇ ਕੋਈ ਤਫ਼ਸੀਲ ਨਾ ਮਿਲੀ। ਮੈਂ ਛੋਟੇ ਹੁੰਦਿਆਂ ਤੋਂ ਸੁਣਦਾ ਆਇਆਂ ਹਾਂ:

***"ਨਹੀਂਓ ਲੱਭਣੇ ਲਾਲ ਗੁਆਚੇ ਮਿੱਟੀ ਨਾ ਫਰੋਲ ਜੋਗੀਆ"***

ਗੱਲ ਤਾਂ ਮੰਨਣੀ ਪੈਣੀ ਸੀ, ਪਰ ਮੇਰੇ ਅੰਦਰਲੇ ਜੋਗੀ ਲਈ ਇਹ ਇਕ ਚਣੌਤੀ ਸੀ। ਲੱਭਦੇ ਲਭਾਉਂਦਿਆਂ ਇਕ ਦਿਨ ਦਿੱਲੀ ਬੈਠਿਆਂ, ਕਿਸੇ ਮਿੱਤਰ ਕੋਲ ਗੱਲ ਚੱਲੀ। ਉਸਨੇ ਦੱਸਿਆ ਕਿ ਦੱਖਣੀ ਦਿੱਲੀ 'ਚ ਇਕ ਗਹਿਣਿਆਂ ਦਾ ਸ਼ੋਅ ਰੂਮ ਹੈ ਤੇ ਮੈਂ ਉੱਥੇ ਇਕ ਵਾਰ ਮੁੰਦਰੀ ਲੈਣ ਗਿਆ ਸੀ। ਗੱਲਾਂ-ਗੱਲਾਂ ਵਿੱਚ ਪਤਾ ਲੱਗਾ ਕਿ ਪੁਰਾਣੇ ਪੰਜਾਬੀ ਗੀਤ ਉਹਨਾਂ ਦੇ ਕਿਸੇ ਦਾਦੇ-ਪੜਦਾਦੇ ਦੇ ਲਿਖੇ ਹੋਏ ਹਨ।

ਮੈਂ ਪੁੱਛਿਆ ਜੀ ਉਸ ਸ਼ੋਅ ਰੂਮ ਦਾ ਕੋਈ ਨੰਬਰ ਮਿਲ ਸਕਦਾ ਹੈ ਤਾਂ ਉਸਨੇ ਝੱਟ ਆਪਣੇ ਘਰ ਫੋਨ ਕਰਕੇ, ਮੁੰਦਰੀ ਵਾਲੇ ਪਰਸ ਤੇ ਲਿਖਿਆ ਨੰਬਰ ਲੈ ਕੇ ਮੈਨੂੰ ਦੇ ਦਿੱਤਾ। ਡਾਕਾ ਮਾਰਨ ਵਾਂਗੂੰ ਮੈਂ ਫੋਨ ਕਰ ਲਿਆ। ਅੱਗੋਂ ਕਿਸੇ ਫੋਨ ਚੁੱਕਿਆ ਤਾਂ ਮੈਂ ਸੁਆਲ ਦਾਗਿਆ,

"ਜਨਾਬ ਤੁਸੀਂ ਗਿਆਨ ਚੰਦ ਧਵਨ ਨੂੰ ਜਾਣਦੇ ਹੋ ?"

**ਅੱਗੋ ਜੁਆਬ ਦੀ ਜਗ੍ਹਾ ਸੁਆਲ ਮਿਲਿਆ,**

**"ਤੁਸੀਂ ਕੌਣ ?"**

**ਮੈਂ ਆਪਣਾ ਨਾਮ, ਪਤਾ, ਟਿਕਾਣਾ ਤੇ ਮਨੋਰਥ ਦੱਸਿਆ ਤਾਂ ਜੁਆਬ ਮਿਲਿਆ,**

"ਜੀ, ਗਿਆਨ ਚੰਦ ਧਵਨ ਸਾਹਿਬ ਮੇਰੇ ਪਾਪਾ ਦੇ ਨਾਨਾ ਜੀ ਸਨ। ਮੇਰੇ ਪਾਪਾ ਦਾ ਨਾਮ ਵੀ ਅਸ਼ੋਕ ਬਾਂਸਲ ਹੀ ਸੀ। ਦੋ ਕੁ ਵਰ੍ਹੇ ਪਹਿਲਾਂ ਉਹ ਸਵਰਗਵਾਸ ਹੋ ਗਏ। ਮੇਰਾ ਨਾਮ ਚੇਤਨ ਬਾਂਸਲ ਹੈ। ਅੱਜ ਮੈਂ ਆਪਣੇ ਕਾਰੋਬਾਰ ਦੇ ਸਿਲਸਿਲੇ 'ਚ ਬੰਬਈ ਜਾ ਰਿਹਾ ਹਾਂ। ਅਗਲੇ ਹਫਤੇ ਤੁਸੀਂ ਜਦ ਮਰਜ਼ੀ ਆ ਜਾਇਓ। ਜਿੰਨੀ ਹੋ ਸਕੀ, ਮੈਂ ਤੁਹਾਨੂੰ ਜਾਣਕਾਰੀ ਮੁਹੱਈਆ ਕਰਵਾ ਦਿਆਂਗਾ।"

ਮੇਰੀ ਤਾਂ ਨੀਂਦ-ਚੈਨ ਸਭ ਉੱਡ ਗਏ। ਹਫਤਾ ਵਰ੍ਹਿਆਂ ਵਾਂਗ ਕੱਟਿਆ। ਮਿੱਥੇ ਸਮੇਂ 'ਤੇ ਦਿੱਲੀ ਜਾ ਪਹੁੰਚਿਆ। ਦੱਖਣੀ ਦਿੱਲੀ ਸਥਿਤ 'ਬਾਂਸਲ ਜਵੈਲਰਜ਼' ਤੇ ਚਾਹ-ਪਾਣੀ ਪੀਣ ਉਪਰੰਤ ਚੇਤਨ ਬਾਂਸਲ ਨੇ ਮੈਨੂੰ ਆਪਣੀ ਕਾਰ 'ਚ ਬਿਠਾਇਆ ਤੇ ਸਾਊਥ ਐਕਸ ਲੈ ਗਿਆ।

ਮਕਾਨ ਨੰਬਰ 27 ਦੀ ਕੰਧ 'ਤੇ ਅੰਗਰੇਜ਼ੀ 'ਚ ਚਿੱਟੇ ਪੱਥਰ ਉੱਪਰ (ਉਂਝ ਹੁਣ ਇਹ ਪੱਥਰ ਪੀਲਾ ਹੋ ਚੁੱਕਿਆ ਸੀ) ਕਾਲੇ ਅੱਖਰਾਂ 'ਚ ਉਕਰਿਆ ਕਵੀ 'ਗਿਆਨ ਚੰਦ ਧਵਨ' ਦਾ ਨਾਮ ਪੜ੍ਹ ਕੇ ਮੈਂ ਕੁੱਝ ਪਲ ਉਸ ਪੱਥਰ ਨੂੰ ਨਿਹਾਰਦਾ ਰਿਹਾ ਤੇ ਆਪਣੇ ਕੈਮਰੇ 'ਚ ਫੋਟੋ ਵੀ ਲਾਹ ਲਈ। ਚੇਤਨ ਨੇ ਡੋਰ ਬੈੱਲ ਖੜਕਾਈ ਤਾਂ ਅੰਦਰੋਂ ਇਕ ਬਜ਼ੁਰਗ ਔਰਤ ਨੇ ਦਰਵਾਜ਼ਾ ਖੋਲ੍ਹਿਆ। ਚੇਤਨ ਵੀ ਆਪਣੇ ਪਿਤਾ ਦੇ ਨਾਨਕੇ ਘਰ ਵੀਹ ਵਰ੍ਹਿਆਂ ਬਾਅਦ ਆਇਆ ਸੀ। ਚੇਤਨ ਨੇ ਉਸ ਬਜ਼ੁਰਗ ਮਾਈ ਨੂੰ ਦੱਸਿਆ ਕਿ ਉਹ ਅਸ਼ੋਕ ਦਾ ਬੇਟਾ ਚੇਤਨ ਹੈ। ਬਜ਼ੁਰਗ ਔਰਤ ਨੇ ਝੱਟ ਪਹਿਚਾਣ ਲਿਆ ਤੇ ਸਾਨੂੰ ਅੰਦਰ ਲੈ ਗਈ। ਚੇਤਨ ਨੇ ਜਾਣ ਪਹਿਚਾਣ ਕਰਵਾਉਂਦਿਆਂ ਮਾਤਾ ਬਾਰੇ ਦੱਸਿਆ ਕਿ ਇਹ ਮੇਰੇ ਪਿਤਾ ਜੀ ਦੀ ਵੱਡੀ ਮਾਮੀ ਹੈ। ਯਾਣੀ ਕਿ ਗਿਆਨ ਚੰਦ ਧਵਨ ਜੀ ਦੀ ਵੱਡੀ ਨੂੰਹ। ਮਾਤਾ ਸਾਨੂੰ ਅੰਦਰ ਲੈ ਗਈ। ਆਪ ਉਹ ਤਖਤਪੋਸ਼ 'ਤੇ ਬਹਿ ਗਈ ਤੇ ਮੈਨੂੰ ਸਾਹਮਣੇ ਕੁਰਸੀ 'ਤੇ ਬਿਠਾ ਲਿਆ। ਜ਼ਰਾ ਕੁ ਆਰਾਮ ਨਾਲ ਬਹਿੰਦਿਆਂ ਮੈਂ ਮਾਤਾ ਦੇ ਚਿਹਰੇ ਵੱਲ ਵੇਖਿਆ। ਉਨ੍ਹਾਂ ਦੇ ਚਿਹਰੇ 'ਤੇ ਉਤਸਕਤਾ ਸੀ। ਮੈਂ ਸੋਚਿਆ ਕਿ ਹੁਣ ਬਾਜੀ ਮੇਰੇ ਹੱਥ ਹੈ। ਟਿਕਾਣਾ ਵੀ ਠੀਕ ਹੈ ਤੇ ਵਕਤ ਵੀ ਸਹੀ। ਫਿਜ਼ਾ ਵਿੱਚ ਇੱਕੋ ਹੀ ਆਵਾਜ਼ ਸੀ: ਧਵਨ! ਧਵਨ! ਧਵਨ!

"ਮਾਤਾ ਜੀ ਆਪਣੇ ਬਾਰੇ ਕੁੱਝ ਦੱਸੋ ?" ਮੇਰਾ ਪਹਿਲਾ ਸੁਆਲ ਸੀ। ਇਸ 'ਤੇ ਮਾਤਾ ਜੀ ਬੋਲੇ,

"ਮੇਰਾ ਨਾਮ ਰਮੇਸ਼ ਹੈ ਬੱਚੇ। ਮੇਰੇ ਪਤੀ ਦਾ ਦਿਹਾਂਤ ਹੋ ਚੁੱਕਿਆ ਐ। ਉਹਨਾਂ ਦਾ ਨਾਮ ਓਮ ਪ੍ਰਕਾਸ਼ ਧਵਨ ਸੀ। ਉਹ ਰੇਲਵੇ ਵਿਭਾਗ 'ਚ ਨੌਕਰੀ ਕਰਦੇ ਸਨ। ਗਿਆਨ ਚੰਦ ਧਵਨ ਜੀ ਮੇਰੇ ਸੌਹਰਾ ਸਾਹਿਬ ਸਨ।"

ਗੱਲ ਟਿਕਾਣੇ 'ਤੇ ਸੀ, ਲੋਹਾ ਵੀ ਗਰਮ ਸੀ ਤੇ ਮੈਂ ਨਾਲ ਹੀ ਅਗਲਾ ਸੁਆਲ ਪੁੱਛਿਆ,

"ਮਾਤਾ ਜੀ, ਸ਼੍ਰੀ ਗਿਆਨ ਚੰਦ ਧਵਨ ਹੋਰਾਂ ਬਾਰੇ ਕੁੱਝ ਹੋਰ ਦੱਸੋ ?"

ਇਸਦੇ ਜੁਆਬ 'ਚ ਮਾਤਾ ਜੀ ਕਹਿਣ ਲੱਗੇ,

"ਬੱਚੇ, ਸਾਡੇ ਵੇਲੇ ਜ਼ਮਾਨੇ ਹੋਰ ਹੁੰਦੇ ਸਨ। ਉਹ ਸੰਗਾਂ-ਸ਼ਰਮਾਂ ਦੇ ਜ਼ਮਾਨੇ ਸਨ, ਘੁੰਡ ਦਾ ਰਿਵਾਜ਼ ਹੁੰਦਾ ਸੀ। ਪਿਤਾ ਜੀ ਕਵੀ ਸਨ ਤੇ ਇਸੇ ਕਮਰੇ ਵਿੱਚ, ਬਹਿ ਕੇ ਲਿਖਦੇ ਰਹਿੰਦੇ ਸਨ। ਉਦੋਂ ਮੁਸ਼ਾਇਰਿਆਂ ਦਾ ਰਿਵਾਜ਼ ਸੀ। ਪਿਤਾ ਜੀ ਕਵਿਤਾ ਬੋਲਣ ਮੁਸ਼ਾਇਰਿਆਂ 'ਤੇ ਜਾਂਦੇ ਰਹਿੰਦੇ ਸਨ। ਵੱਡੇ-ਵੱਡੇ ਕਵੀ ਸਾਡੇ ਘਰ ਆਉਂਦੇ ਸਨ। ਗਾਇਕ ਕਲਾਕਾਰ ਵੀ ਬਹੁਤ ਆਉਂਦੇ ਸਨ। ਇਨ੍ਹਾਂ 'ਚ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਤੇ ਇਕ ਉਹਨਾਂ ਦੀ ਹੋਰ ਭੈਣ ਹੁੰਦੀ ਸੀ। ਆਸਾ ਸਿੰਘ ਮਸਤਾਨਾ ਤੇ ਦੂਸਰਾ ਉਹ ਜਿਹੜਾ ਇੱਕ-ਤਾਰਾ ਫੜ ਕੇ ਗਾਉਂਦਾ ਸੀ, ਮੈਂ ਉਹਦਾ ਨਾਮ ਭੁੱਲ ਗਈ (ਥੋੜ੍ਹਾ ਯਾਦ ਕਰਕੇ) ਹਾਂ-ਹਾਂ ਰਮਤਾ। ਇਹ ਸਾਰੇ ਪਿਤਾ ਜੀ ਦੇ ਲਿਖੇ ਗੀਤ ਹੀ ਗਾਉਂਦੇ ਹੁੰਦੇ ਸਨ। ਮੈਂ ਤਾਂ ਸਿਰਫ਼ ਚਾਹ ਪਾਣੀ ਫੜਾਉਣ ਈ ਆਉਂਦੀ ਸੀ। ਪਿਤਾ ਜੀ ਕਵਿਤਾ ਪੜ੍ਹਨ ਰੇਡੀਓ ਸਟੇਸ਼ਨ 'ਤੇ ਵੀ ਜਾਂਦੇ ਰਹਿੰਦੇ ਸਨ। ਸਾਡੀ ਹਿੰਮਤ ਨਹੀਂ ਸੀ ਹੁੰਦੀ ਕਿ ਅਸੀਂ ਪਿੱਛੋਂ ਉਹਨਾਂ ਦੇ ਕਮਰੇ ਵਿੱਚ ਜਾ ਸਕੀਏ। ਬਸ ਆਹ ਅਲਮਾਰੀ 'ਚ ਉਹਨਾਂ ਦੇ ਕਾਗਜ਼ ਪੱਤਰ ਪਏ ਹੁੰਦੇ ਸਨ। ਅਸੀਂ ਉਹਨਾਂ ਦੇ ਕਾਗਜ਼ਾਂ ਨੂੰ ਹੱਥ ਨਹੀਂ ਸੀ ਲਾ ਸਕਦੇ।"

**ਬਾਕੀ ਅਗਲੇ ਅੰਕ ਦੇ ਵਿਚ**

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਤੈਰਨਾ-ਤਾਰਨਾ ਕਾਹਨੂੰ ਆਉਂਦਾ, ਤਾਂਹੀ ਤਾਂ ਪਾਣੀ ਉਪਰ ਤੁਰੇ ਫਿਰਦੇ ਆ ਪਾਗਲ




ਤਕਰੀਬਨ ਅੱਧੀ ਜ਼ਿੰਦਗੀ ਵਰਦੀ ਵਿਚ ਗੁਜ਼ਰ ਗਈ, ਸਿਲਸਿਲਾ ਸਕੂਲ ਦੀ ਵਰਦੀ ਤੋਂ ਸ਼ੁਰੂ ਹੋਇਆ ਐਨ. ਐਸ. ਐਸ, ਐਨ. ਸੀ. ਸੀ, ਭਾਰਤੀ ਫੌਜ, ਯੂ. ਐਨ. ਤੇ ਹੁਣ ਪੰਜਾਬ ਪੁਲਿਸ ਦੀ ਵਰਦੀ, ਲਗਦਾ ਬਾਕੀ ਰਹਿੰਦੀ ਜ਼ਿੰਦਗੀ ਇਨ੍ਹਾਂ ਵਰਦੀਆਂ ਦੀਆਂ ਮਿਹਰਬਾਨੀਆਂ ਪ੍ਰਤੀ ਧੰਨਵਾਦ ਦੇ ਹੁਲਾਰਿਆਂ, ਸ਼ੁਕਰਾਨੇ ਕਰਦਿਆ ਤੇ ਸਤਿਕਾਰ ਵਿਚ ਗੁਜ਼ਰੇਗੀ। ਕਿਉਂਕਿ ਮੇਰੇ ਘਰ ਪਰਿਵਾਰ ਦੀਆਂ ਮੁਢਲੀਆਂ ਲੋੜਾਂ ਤਾਂ ਵਰਦੀ ਸਦਕੇ ਹੀ ਪੂਰੀਆਂ ਹੋਈਆਂ ਹਨ। ਸੋ ਇਸ ਲਈ ਹਮੇਸ਼ਾਂ ਕੋਸ਼ਿਸ਼ ਰਹਿੰਦੀ ਹੈ ਕਿ ਵਰਦੀ ਦੀ ਸ਼ਾਨੋ ਸ਼ੌਕਤ ਨੂੰ ਬਰਕਰਾਰ ਰੱਖਾ, ਮੈਨੂੰ ਤਾਂ ਪੱਤੇ ਵਾਂਗੂੰ ਡਿੱਗੇ ਨੂੰ ਰੋਜ਼ਗਾਰ ਮਿਲਿਆ, ਅੱਜ ਵਰਦੀ ਕਰਕੇ ਮੈਂ ਪੱਤਾ ਨਹੀਂ ਹਵਾ ਹਾਂ। ਕੁਦਰਤ ਮੇਹਰ ਕਰੇ ਵਰਦੀ ਵਾਲਾ ਕੋਈ ਨੌਜਵਾਨ ਜਾਂ ਅਧਿਕਾਰੀ ਕਦੇ ਵੀ ਆਪਣੇ ਈਮਾਨ ਤੋਂ ਨਾ ਡੋਲੇ, ਸਦਾ ਸਤਿਕਾਰ ਵਾਲੇ ਸਲਿਊਟ ਵੱਜਦੇ ਹੀ ਰਹਿਣ। ਭਾਰਤੀ ਫੌਜ ਤੋਂ ਸੇਵਾ ਮੁਕਤ ਹੋਣ ਉਪਰੰਤ ਕੁਦਰਤ ਨੇ ਪੰਜਾਬ ਪੁਲਿਸ ਦੀ ਵਰਦੀ ਬਖਸ਼ਿਸ਼ ਕੀਤੀ ਹੈ। ਮਹਿਕਮੇ ਦਾ ਹਾਲੇ ਤਜਰਬਾ ਤਕਰੀਬਨ ਪੰਜ ਕੁ ਵਰਿਆਂ ਦਾ ਹੋਇਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਪੁਲਿਸ ਦੀ ਵਰਦੀ ਵਿਚ ਸਾਡੇ ਹੀ ਧੀਆਂ ਪੁੱਤ ਨੇ, ਸੋ ਸਾਡੇ ਹੀ ਸਮਾਜ ਦਾ ਅੰਗ ਹਨ। ਸਾਰੇ ਹੀ ਜਵਾਨ ਮੁੰਡੇ ਕੁੜੀਆਂ ਤਕਰੀਬਨ ਬਹੁਤ ਹੀ ਸਲਾਹੁਣਯੋਗ ਕੰਮ ਕਰ ਰਹੇ ਹਨ। ਸੋ ਕਿਸੇ ਇੱਕ ਦੀ ਅਣਗਹਿਲੀ ਕਰਕੇ ਸਾਰਿਆਂ ਨੂੰ ਬੁਰਾ ਕਹਿਣਾ ਸਮਾਜ ਦਾ ਅਤਿ ਨਿੰਦਣਯੋਗ ਵਰਤਾਰਾ ਹੈ। ਕਿਉਂਕਿ ਪੁਲਿਸ ਵਾਲਿਆਂ ਦੇ ਮਾਪੇ, ਭੈਣ, ਭਰਾ, ਬੱਚੇ ਤੇ ਰਿਸ਼ਤੇ ਇਸੇ ਸਮਾਜ ਦਾ ਹਿੱਸਾ ਹਨ, ਜਿਸ ਵਿਚ ਅਸੀਂ ਸਾਰੇ ਰਹਿੰਦੇ ਹਾਂ। ਦੋਸਤੋ ਅਹਿਸਾਸ ਪੁਲਿਸ ਵਰਦੀ ਵਿਚ ਵੀ ਹੁੰਦੇ ਨੇ, ਖ਼ਾਕੀ ਥੱਲੇ ਵੀ ਦਿਲ ਧੜਕਦਾ ਹੈ, ਸ਼ਬਦਾਂ ਦੀਆਂ ਸਾਂਝਾ ਹੁੰਦੀਆਂ ਨੇ ਤੇ ਕਵਿਤਾ ਵਰਗੇ ਕੋਮਲ ਵਿਚਾਰ ਵੀ, ਅਸਲੀ ਸਾਂਝ ਵਿਚਾਰਾਂ ਦੀ ਹੁੰਦੀ ਹੈ, ਜਿੱਥੇ ਵਿਚਾਰ ਮਿਲ ਗਏ, ਉੱਥੇ ਦਿਲ ਆਪੇ ਹੀ ਮਿਲ ਜਾਂਦੇ ਨੇ, ਤੇ ਪੰਧ ਆਪਣੇ ਆਪ ਮਿਟ ਜਾਂਦੇ ਨੇ, ਜਦੋਂ ਪੰਧ ਮਿਟ ਜਾਣ ਫਿਰ ਕੋਈ ਬੇਗ਼ਾਨਾ ਨਹੀਂ ਰਹਿੰਦਾ, ਜਦੋਂ ਕੋਈ ਬੇਗ਼ਾਨਾ ਹੀ ਨਾ ਰਿਹਾ ਤਾਂ ਰੌਲਾ ਹੀ ਕਾਹਦਾ ? ਸਭ ਚਿੰਤਾਵਾਂ ਤੋਂ ਮੁਕਤੀ। ਇਹ ਮੁਕਤੀ ਸੱਚੀਆਂ ਸਾਂਝਾਂ ਨਾਲ ਹੀ ਪ੍ਰਾਪਤ ਹੋਵੇਗੀ। ਸੋ ਵਿਰੋਧ ਕਿਸੇ ਮਹਿਕਮੇ ਦਾ ਨਹੀਂ, ਕਿਸੇ ਵਿਅਕਤੀ ਵਿਸ਼ੇਸ਼ ਦਾ ਕਰਿਆ ਜਾ ਸਕਦਾ ਹੈ। ਬਾਕੀ ਭਾਈ ਸਾਨੂੰ ਨਾ ਪਸੰਦ ਕਰਨ ਵਾਲਿਆਂ ਬਾਰੇ ਮੈਂ ਹੋਰ ਕੁਝ ਨਹੀਂ ਕਹਿਣਾ ਕਿਉਂਕਿ ਕੁਝ ਕੁ ਪਤੰਦਰ ਤਾਂ ਆਦਤ ਤੋਂ ਮਜਬੂਰ ਹੁੰਦੇ ਨੇ ਓਹ ਪ੍ਰਜਾਤੀ ਤਾਂ ਜੇਕਰ ਸਾਨੂੰ ਪਾਣੀ ਉੱਪਰ ਤੁਰਦਾ ਵੀ ਦੇਖ ਲੈਵੇ ਤਾਂ ਵੀ ਨਿੰਦਿਆ ਕਰਦੇ ਕਹਿਣਗੇ... *ਇਨ੍ਹਾਂ ਨੂੰ ਤੈਰਨਾ-ਤਾਰਨਾ ਕਾਹਨੂੰ ਆਉਂਦਾ, ਤਾਂਹੀ ਤਾਂ ਪਾਣੀ ਉਪਰ ਵੀ ਤੁਰੇ ਫਿਰਦੇ ਆ ਪਾਗਲ*!

...ਹਰਫੂਲ ਸਿੰਘ ਭੁੱਲਰ ਮੰਡੀ ਕਲਾਂ 9876870157

## ਕਨੇਡੀਅਨ ਸੱਥ

# ਜੇ ਦਿਨ ਉਹ ਨਹੀਂ ਰਹੇ ਤਾਂ ਇਹ ਵੀ ਨਹੀਂ ਰਹਿਣੇ--



ਅਸ਼ੀਸ਼ ਨਰੂਲਾ
1 204 890 5040

ਆਰਥਿਕ ਮੰਦੀ ਦਾ ਅਸਰ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ , ਬਜ਼ਾਰ ਵਿਚ ਉਹ ਭੀੜ ਅਤੇ ਉਤਸ਼ਾਹ ਨਹੀਂ ਰਿਹਾ, ਕਿਸੇ ਟਰਾਂਸਪੋਰਟਰ ਨਾਲ ਗੱਲ ਕਰ ਦੇਖ ਲਵੋ, ਉਹ ਵੀ ਹਾਲ ਦੁਹਾਈਆਂ ਹੀ ਪਾਉਂਦਾ ਹੈ , ਟੈਕਸੀ ਭਾਈਚਾਰਾ ਵੀ ਤੰਗੀ ਵਿਚੋਂ ਦੀ ਹੀ ਲੰਘ ਰਿਹਾ ਹੈ। ਗੱਲ ਕਿੱਥੇ ਜਾ ਕੇ ਖੜਨੀ ਹੈ ਇਸ ਦਾ ਪਤਾ ਸ਼ਾਇਦ ਕਿਸੇ ਨੰ ਵੀ ਨਹੀਂ। ਸਾਡੇ ਮੁਲਕ ਦੀ ਇੱਕ ਨਾਮਵਰ ਮੀਡੀਆ ਕੰਪਨੀ ਬੈੱਲ ਮੀਡੀਆ ਨੇ 4800 ਦੇ ਕਰੀਬ ਨੌਕਰੀਆਂ ਖਤਮ ਕਰ ਦਿੱਤੀਆਂ ਹਨ, ਸਰਕਾਰ ਨੇ ਜਵਾਬ ਤਲਬੀ ਵੀ ਕੀਤੀ ਹੈ ਜਿਸ ਵਿਚ ਕੰਪਨੀ ਨੇ ਵਿੱਤੀ ਘਾਟੇ ਨੂੰ ਮੁੱਦਾ ਬਣਾ ਕੇ ਅਤੇ ਸਰਕਾਰੀ ਗਰਾਂਟਾਂ ਘੱਟ ਮਿਲਣ ਕਾਰਨ ਉਹਨਾਂ ਨੇ ਐਨਾ ਵੱਡਾ ਕਦਮ ਚੁੱਕਿਆ ਹੈ। ਲੰਘੇ ਸਮੇਂ ਵਿਚ ਗੂਗਲ ਨੇ ਵੀ ਆਪਣੇ ਕਰਮਚਾਰੀ ਢਾਂਚੇ ਵਿਚ ਫੇਰਬਦਲ ਕੀਤਾ ਸੀ। ਬਸ ਉਮੀਦ ਤੇ ਦੁਨੀਆਂ ਕਾਇਮ ਹੈ । ਜੇ ਦਿਨ ਉਹ ਨਹੀਂ ਰਹੇ ਤਾਂ ਇਹ ਵੀ ਨਹੀਂ ਰਹਿਣੇ।

ਆਪਣੇ ਸ਼ਹਿਰ ਕੈਲਗਰੀ ਦੀ ਜੇਕਰ ਗੱਲ ਕਰੀਏ ਤਾਂ ਸਾਡੇ ਸ਼ਹਿਰ ਦੀ ਮੇਅਰ ਨੂੰ ਆਪਣੇ ਕੰਮ ਤੋਂ ਪਿੱਛੇ ਹਟਾਉਣ ਲਈ ਕਿਸੇ ਵਿਅਕਤੀ ਨੇ ਪਟੀਸ਼ਨ ਪਾਈ ਹੈ , ਜਿਸ ਦੀ ਕਾਮਯਾਬੀ ਤਾਂ ਕੋਈ ਸੌਖਾ ਕੰਮ ਨਹੀਂ ਜਾਪਦਾ। ਖੈਰ ਇਸ ਮੁਲਕ ਵਿੱਚ ਆਪਣੇ ਵਿਚਾਰਾਂ ਦੀ ਆਜਾਦੀ ਹੈ ਅਤੇ ਪਟੀਸ਼ਨ ਪਾਉਣਾ ਕਿਸੇ ਵਿਅਕਤੀ ਦੇ ਨਿੱਜੀ ਵਿਚਾਰ ਹੋ ਸਕਦੇ ਹਨ । ਇੱਕ ਸਰਵੇ ਮੁਤਾਬਿਕ ਮੇਅਰ ਦੀ ਲੋਕਪ੍ਰੀਅਤਾ ਵਿੱਚ ਵੀ ਕਮੀ ਆਈ ਹੈ । ਇਸ ਦਾ ਮੁੱਖ ਕਾਰਨ ਸ਼ਹਿਰ ਦੇ ਪਰਾਪਰਟੀ ਟੈਕਸ ਵਿਚ ਵਾਧਾ ਅਤੇ ਡਾਊਨਟਾਊਨ ਵਿਚ ਬਣ ਰਹੇ ਨਵੇਂ ਐਰੀਨਾ ਨੂੰ ਦੱਸੀਦਾ ਹੈ । ਪਿਛਲੇ ਕੁੱਝ ਸਮੇਂ ਵਿਚ ਅਲਬਰਟਾ ਵਿੱਚ ਹੋ ਰਹੀ ਮਾਈਗਰੇਸ਼ਨ ਕਾਰਨ ਸ਼ਹਿਰ ਦੀ ਆਬਾਦੀ ਵਿੱਚ ਵਾਧਾ ਹੋ ਰਿਹਾ ਹੈ , ਨਤੀਜਨ ਸਿਟੀ ਦੀਆਂ ਸੁਵਿਧਾਵਾਂ ਦੇਣ ਵਿੱਚ ਵੀ ਖਰਚਾ ਜਿਆਦਾ ਕਰਨਾ ਪੈਦਾ ਹੈ, ਜਿਸ ਕਾਰਨ ਸਿਟੀ ਦਾ ਆਪਣਾ ਖਰਚਾ ਵੀ ਵਧ ਗਿਆ ਜਾਪਦਾ ਹੈ ਅਤੇ ਟੈਕਸ ਵਿੱਚ ਵਾਧਾ ਹੋਣਾ ਸੁਭਾਵਿਕ ਸੀ।ਇਸ ਸੰਦਰਭ ਵਿੱਚ ਲੋਕਾਂ ਦੀ ਮਿਲੀ ਜੁਲੀ ਪ੍ਰਤਿਕਿਰਆ ਹੈ । ਸਾਬਕਾ ਸਿਟੀ ਕੌਂਸਲਰ ਜੈਫ ਡੇਵੀਸਨ ਜਿਸ ਨੇ ਸਾਲ 2021 ਵਿੱਚ ਮੇਅਰ ਚੋਣਾਂ ਵਿੱਚ ਉਮੀਦਵਾਰੀ ਲਈ ਸੀ , ਨੇ ਵੀ ਰੀਕਾਲ ਦਾ ਸਮਰਥਨ ਕੀਤਾ ਹੈ ਅਤੇ ਅਗਲੇ ਸਾਲ ਅਕਤੂਬਰ ਵਿੱਚ ਹੋਣ ਵਾਲੀਆਂ ਕੌਂਸਲ ਚੋਣਾਂ ਵਿੱਚ ਮੇਅਰ ਦੀ ਦੌੜ ਵਿੱਚ ਸ਼ਾਮਿਲ ਹੋਣ ਦੇ ਸੰਕੇਤ ਦਿੱਤੇ ਹਨ । ਡੇਵੀਸਨ ਅਨੁਸਾਰ ਮੇਅਰ ਇੱਕ ਪ੍ਰਭਾਵਸ਼ਾਲੀ ਸ਼ਖਸ਼ੀਅਤ ਨਹੀ ਜਾਪਦੀ ਜਿਸ ਤਰਾਂ ਦੀ ਉਹ ਪਹਿਲਾਂ ਸੀ ਅਤੇ ਅਜੋਕੇ ਹਾਲਾਤਾਂ ਵਿੱਚ ਮੇਅਰ ਦੀ ਭਰੋਸੇਯੋਗਤਾ ਘਟ ਗਈ ਪ੍ਰਤੀਤ ਹੁੰਦੀ ਹੈ। ਅਲਬਰਟਾ ਦੀ ਰੀਅਲ ਅਸਟੇਟ ਵੱਲੋਂ ਹਾਊਸਿੰਗ ਕਰਾਈਸਿਸ ਨੂੰ ਲੈ ਕੇ ਜਿਹੜੀ ਬਲੈਕਿਟ ਜੋਨਿਗ ਦਾ ਪ੍ਰਸਤਾਵ ਰੱਖਿਆ ਗਿਆ ਹੈ । ਸੀ ਆਰ ਈ ਬੀ ਵੱਲੋ ਇਸ ਪ੍ਰਸਤਾਵ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਤਰਕ ਦਿੱਤਾ ਹੈ ਕਿ ਇਸ ਤਰਾਂ ਦੀ ਜੋਨਿਗ ਨਾਲ ਕਰਾਈਸ ਨੂੰ ਹੱਲ ਨਹੀਂ ਕੀਤਾ ਜਾ ਸਕਦਾ । ਸਾਡੇ ਸ਼ਹਿਰ ਨਾਲ ਲੱਗਦੀ ਇੱਕ ਹੋਰ ਉਦਾਸ ਕਰਨ ਵਾਲੀ ਖਬਰ ਆਈ ਹੈ ਕਿ ਆਰ ਸੀ ਐਮ ਪੀ ਦੇ ਇੱਕ ਅਧਿਕਾਰੀ ਨੂੰ ਰਾਸ਼ਟਰੀ ਸੁਰੱਖਿਆ ਨਾਲ ਛੇੜ ਛਾੜ ਦੇ ਦੋਸ਼ਾਂ ਤਹਿਤ ਚਾਰਜ ਕੀਤਾ ਗਿਆ ਹੈ , ਪਤਾ ਲੱਗਿਆ ਹੈ ਕਿ ਕਿਸੇ ਹੋਰ ਮੁਲਕ ( ਰਵਾਂਡਾ) ਲਈ ਸਰਕਾਰੀ ਦਸਤਾਵੇਜਾਂ ਨਾਲ ਛੇੜ ਛਾੜ ਕਰਦਾ ਸੀ, ਅਜੇ ਹੋਰ ਪੁੱਛ ਗਿੱਛ ਚੱਲ ਰਹੀ ਹੈ,ਆਉਂਦੇ ਸਮੇਂ ਵਿਚ ਇਸ ਕਰਮਚਾਰੀ ਦੀ ਤਾਰੀਕ ਕੋਰਟ ਵਿੱਚ ਹੈ। ਇੱਥੋਂ ਦਾ ਢਾਂਚਾ ਵੀ ਗੰਧਲਾ ਹੋ ਰਿਹਾ ਹੈ, ਹਰ ਹਫਤੇ ,ਮਹੀਨੇ ਕੋਈ ਨਾ ਕੋਈ ਇਸੇ ਤਰਾਂ ਦੀ ਗੱਲ ਬਾਤ ਦੇਖ ਸੁਣ ਲਈਦੀ ਹੈ।

ਕੋਵਿਡ ਮਹਾਂਮਾਰੀ ਦੌਰਾਨ ਜਿਥੇ ਦੁਨੀਆਂ ਖਤਮ ਹੋਣ ਦੇ ਕੰਢੇ ਜਾਪਦੀ ਸੀ ਉੱਥੇ ਕੁੱਝ ਲੋਕਾਂ ਨੇ ਮਲਾਈ ਖਾਣ ਵਿੱਚ ਕੋਈ ਕਸਰ ਨਹੀਂ ਛੱਡੀ । ਅਰਾਈਵ ਕੈਨੇਡਾ ਨਾਂ ਦੀ ਇੱਕ ਮੋਬਾਈਲ ਐਪ ਆਈ ਸੀ ਜਿਸ ਵਿੱਚ ਕਿ ਕਨੇਡਾ ਪਹੁੰਚਣ ਤੇ ਵੈਕਸੀਨ ਰਿਕਾਰਡ ਚੈੱਕ ਕੀਤਾ ਜਾਂਦਾ ਸੀ ਅਤੇ ਇੱਕ ਤਰਾਂ ਦੀ ਜਰੂਰੀ ਮਾਪਦੰਡ ਸੀ ਜਿਸ ਤੋਂ ਬਿਨਾਂ ਇੱਥੇ ਪਹੁੰਚਣ 'ਤੇ ਅਧਿਕਾਰੀ ਚੌਰਾਸੀ ਚੱਕਰ ਵਿੱਚ ਪਾਉਂਦੇ ਸਨ । ਲੰਘੇ ਦਿਨੀ ਇਸ ਐਪ ਦੀ ਕੰਪਨੀ ਤੇ ਵੀ 60 ਮਿਲੀਅਨ ਡਾਲਰ ਦੇ ਲਗਭਗ ਗਬਨ ਦਾ ਰੌਲਾ ਚੱਲ ਰਿਹਾ ਹੈ , ਪਾਰਲੀਮੈਂਟ ਦੇ ਆਪੋਜੀਸਲਨ ਦੇ ਲੀਡਰ ਪੀਅਰ ਪਾਲੀਵਰ ਨੇ ਪ੍ਰਧਾਨ ਮੰਤਰੀ ਹੋਰਾਂ ਨੂੰ ਤੱਤੇ ਪਾਣੀ ਵਿੱਚ ਪਾਇਆ ਹੈ ਅਤੇ ਪ੍ਰਧਾਨ ਮੰਤਰੀ ਦਾ ਜਾਂ ਫਿਰ ਉਹਨਾ ਦੇ ਦਫਤਰ ਦੇ ਕਿਸੇ ਅਧਿਕਾਰੀ ਦਾ ਕੋਈ ਸੰਤੋਸ਼ ਜਨਕ ਜਵਾਬ ਨਹੀਂ ਆਇਆ । ਕੁੱਲ ਮਿਲਾਕੇ ਹੈ ਤਾਂ ਟੈਕਸ ਪੇਅਰ ਦਾ ਪੈਸਾ ਜੋ ਖਿਲਾਂ ਵਾਂਗ ਉਡਾਇਆ ਜਾ ਰਿਹਾ ਹੈ ਅਤੇ ਉਨਾ ਚਿਰ ਏਦਾਂ ਹੀ ਰਹੇਗਾ ਜਿਨੀ ਦੇਰ ਟੈਕਸ ਪੇਅਰ ਮੂੰਹ ਵਿੱਚ ਘੁੰਗਣੀਆਂ ਪਾ ਕੇ ਬੈਠਾ ਰਹੇਗਾ । ਉਧਰ ਐਨ ਡੀਪੀ ਲੀਡਰ ਜਗਮੀਤ ਸਿੰਘ ਨੇ ਵੀ ਪ੍ਰਧਾਨ ਮੰਤਰੀ ਹੋਰਾਂ ਨਾਲ ਮੁਲਾਕਾਤ ਕਰਕੇ ਫਾਰਮਾ ਕੇਅਰ ਦਾ ਰਾਗ ਇੱਕ ਵਾਰ ਫਿਰ ਤੋ ਅਲਾਪਿਆ ਹੈ ਇਸ ਤਰਾਂ ਦੀ ਪ੍ਰਤੀਕਿਰਆ ਦਾ ਆਉਣਾ ਸੁਭਾਵਿਕ ਸੀ ,ਹੁਣ ਇਲੈਕਸ਼ਨ ਨੇੜੇ ਆ ਰਹੇ ਹਨ ਉਹਨਾਂ ਨੇ ਵੀ ਲੋਕਾਂ ਵਿੱਚ ਜਾ ਕੇ ਖੜਨਾ ਹੈ,ਵੋਟਾਂ ਮੰਗਣੀਆ ਹਨ । ਇੰਝ ਪ੍ਰਤੀਤ ਹੁੰਦਾ ਹੈ ਜੇਕਰ ਫਾਰਮਾ ਕੇਅਰ ਬਿੱਲ ਸਿਰੇ ਨਾ ਲੱਗਿਆ ਤਾਂ ਕਨੇਡੀਅਨ ਇਲੈਕਸ਼ਨ ਲਈ ਤਿਆਰ ਰਹਿਣ। ਲੰਘੇ 6-4 ਮਹੀਨਿਆ ਵਿੱਚ ਸਰਕਾਰ ਦੀ ਕਿਰਕਰੀ ਕਈ ਥਾਂਵਾ ਤੇ ਹੋਈ ਹੈ । ਉਧਰ ਜੂਡੀਸ਼ੀਅਲ ਵਿੱਚ ਵੀ ਨਿਯੁਕਤੀਆ ਕਾਫੀ ਸਮੇ ਤੋ ਨਹੀ ਹੋਈਆ ਜਿਸ ਕਾਰਨ ਉਧਰ ਵੀ ਕੰਮ ਦਾ ਭਾਰ ਵਧ ਗਿਆ ਹੈ ।




### ਜਿਹੜੇ ਚਾਦਰ ਨਾਲ਼ੋਂ ਪੈਰ ਵਧੇਰੇ ਫੈਲਾਉਂਦੇ ਨੇ ਉਹ ਹੱਥ ਫੈਲਾਉਣ ਲਈ ਵੀ ਮਜਬੂਰ ਹੋ ਜਾਂਦੇ ਹਨ
### ਮੁਹੱਬਤ ਮੇ ਦਿਖਾਵੇ ਕੀ ਦੋਸਤੀ ਨਾ ਮਿਲਾ ਅਗਰ ਗਲੇ ਨਹੀਂ ਮਿਲਨਾ ਤੋ ਹਾਥ ਭੀ ਨਾ ਮਿਲਾ। (ਬਸ਼ੀਰ ਬਦਰ)

ਇੱਕ ਸਾਖੀ ਅਨੁਸਾਰ ਬਾਬਾ ਨਾਨਕ ਜਦੋਂ ਉਦਾਸੀ ਤੇ ਜਾਣ ਲੱਗੇ ਤਾਂ ਮਰਦਾਨੇ ਨੇ ਕੁੱਝ ਸਮਾਨ ਨਾਲ਼ ਚੁੱਕ ਲਿਆ। ਗੁਰੂ ਜੀ ਪੁੱਛਣ ਲੱਗੇ,ਆਹ ਕੀ, ਸਮਾਨ ਨਾਲ਼ ਸਫਰ ਔਖਾ ਹੋ ਜੂ। ਜ਼ਿੰਦਗੀ ਵੀ ਇੱਕ ਸਫਰ ਹੀ ਹੈ। ਸਮਾਨ ਘੱਟ ਇਕੱਠਾ ਕਰਾਂਗੇ ਤਾਂ ਸੌਖੇ ਰਹਾਂਗੇ। ਪਰ ਅਸੀਂ ਉਮਰ ਭਰ ਸਮਾਨ ਇਕੱਠਾ ਕਰਦੇ ਜਿਉਣਾ ਹੀ ਭੁੱਲ ਜਾਂਦੇ ਹਾਂ। ਜਿਹੜੇ ਲੋਕ ਦੌਲਤ, ਵਸਤਾਂ, ਗਹਿਣੇ, ਪਹਿਰਾਵੇ, ਘਰ, ਪਰਸ, ਐਨਕਾਂ, ਜੁੱਤੇ ਤੇ ਹੋਰ ਦੇਹੀ ਸ਼ਿੰਗਾਰਨ ਦਾ ਸਮਾਨ ਜੁਟਾਉਣ ਵਿੱਚ ਰੁੱਝੇ ਮੰਡੀ ਦੇ ਪਰੋਸੇ ਬਰੈਂਡਿਡ ਹੀ ਗੌਲ਼ਦੇ ਹਨ ਉਨ੍ਹਾਂ ਅੰਦਰ ਖੋਖਲਾਪਣ ਵਧਦਾ ਹੈ। ਇਹ ਥੋੜ-ਚਿਰੀਆਂ ਪ੍ਰਾਪਤੀਆਂ ਤ੍ਰਿਪਤੀ ਜਾਂ ਸਕੂਨ ਨਹੀਂ ਦਿੰਦੀਆਂ ਕਿਉਂ ਜੋ ਨਿੱਤ ਬਦਲਦੀ ਦੁਨੀਆਂ ਦਾ ਚਲਨ ਹੀ ਵੱਖਰੀ ਤਰ੍ਹਾਂ ਭਰਮਾਉਂਦਾ ਰਿਹਾ ਹੈ। ਜੋ ਇਸ ਜਾਲ਼ ਵਿੱਚ ਸਹਿਜੇ ਹੀ ਫਸਦੇ ਹਨ ਉਹ ਮੰਡੀ ਦੇ ਮੋਹਰੇ ਬਣ ਕੇ ਬੀਤਦੇ ਹਨ। ਵਿਸ਼ਵ ਪ੍ਰਸਿੱਧ ਫੁਟਬਾਲ ਖਿਡਾਰੀ ਸਾਦੀ ਓ ਮਾਨੇ ਸਨੇਗਲ ਜਦ ਪੁਰਾਣੇ ਤੇ ਟੁੱਟੇ ਹੋਏ ਫੋਨ ਨਾਲ਼ ਕਿਸੇ ਮਿੱਤਰ ਕੋਲ਼ ਗਿਆ ਤਾਂ ਮਿੱਤਰ ਨੇ ਕਿਹਾ,ਤੇਰੀ ਇੱਕ ਹਫ਼ਤੇ ਦੀ ਆਮਦਨ ਇੱਕ ਕਰੋੜ ਤੋਂ ਵੱਧ ਹੈ, ਤੂੰ ਵਧੀਆ ਫੋਨ ਕਿਉਂ ਨਹੀਂ ਲੈਂਦਾ। ਤਾਂ ਉਸ ਦਾ ਜਵਾਬ ਸੀ, ਮੇਰਾ ਹਾਲੇ ਇਸ ਨਾਲ਼ ਗੁਜ਼ਾਰਾ ਹੋ ਰਿਹਾ ਹੈ, ਮੈਂ ਆਪਣੀ ਪੜ੍ਹਾਈ ਗ਼ਰੀਬੀ ਕਰ ਕੇ ਪੂਰੀ ਨਹੀਂ ਕਰ ਸਕਿਆ, ਹੁਣ ਮੈਂ ਆਪਣਾ ਪੈਸਾ ਗ਼ਰੀਬਾਂ ਦੀ ਪੜ੍ਹਾਈ ਤੇ ਖ਼ਰਚ ਕਰਾਂਗਾ।ਮਨ ਮਸਤਕ ਤੱਕ ਰੌਸ਼ਨ ਲੋਕ ਹੀ ਨਿੱਜੀ ਪੱਧਰ ਤੋਂ ਉਪਰ ਉੱਠ ਕੇ ਵਿੱਚਰਦੇ ਹਨ। ਸਾਦਗੀ ਦਾ ਸੌਖੇ ਸ਼ਬਦਾਂ ਵਿੱਚ ਅਰਥ ਹੈ- ਜੋ ਕੁਦਰਤੀ ਅਤੇ ਸਹਿਜ ਹੈ, ਬਿਨਾ ਕਿਸੇ ਉਚੇਚ ਤੋਂ ਹੈ। ਸਾਦਗੀ ਬਿਨਾ ਬਨਾਵਟ ਤੋਂ ਹੈ। ਸਾਦਗੀ ਸਾਡੀ ਇੱਛਾ ਸ਼ਕਤੀ ਸ਼ੁੱਧ ਕਰਦੀ ਹੈ ਜਦੋਂ ਕਿ ਭੋਗ ਵਿਲਾਸ ਕਿਰਦਾਰ ਨੂੰ ਢਾਅ ਲਾਉਂਦਾ ਹੈ। ਕਿਸੇ ਨੇ ਕਿਹਾ ਹੈ, ਜੋ ਸਾਦਗੀ ਮੇਂ ਮਜ਼ਾ ਹੈ ਵੋ ਫੁਕਰੇ ਕੋ ਕਿਆ ਪਤਾ ਹੈ। ਕਿਹਾ ਜਾਂਦਾ ਹੈ ਜ਼ਿੰਦਗੀ ਚੰਗੇ ਪੱਤੇ ਲੈ ਕੇ ਖੇਡਣ ਦਾ ਨਾਮ ਨਹੀਂ ਸਗੋਂ ਹਥਲੇ ਪੱਤਿਆਂ ਨਾਲ਼ ਵਧੀਆ ਖੇਡਣ ਦਾ ਨਾਮ ਹੈ।

ਬਜ਼ੁਰਗ ਲੋਕ ਰੁੱਖੀ ਮਿੱਸੀ ਖਾ ਕੇ ਵਧੀਆ ਤੰਦਰੁਸਤ ਅਤੇ ਲੰਮੀ ਉਮਰ ਜਿਉਂਦੇ ਸਨ ਪਰ ਅਸੀਂ ਵਾਧੂ ਦੇ ਯਤਨਾਂ ਨਾਲ਼ ਆਪਣੀ ਦੇਹੀ ਅਤੇ ਮਾਨਸਿਕਤਾ ਨਾਲ਼ ਖਿਲਵਾੜ ਕਰਦੇ ਹਾਂ। ਜਿਹੜੇ ਸਾਨੂੰ ਪਿਆਰ ਕਰਦੇ ਹਨ ਉਨ੍ਹਾਂ ਲਈ ਸਾਡੀ ਸ਼ਕਲ, ਰੁਤਬਾ, ਕੱਪੜੇ ਅਤੇ ਤਾਕਤ ਕੋਈ ਅਰਥ ਨਹੀਂ ਰਖਦੇ। ਤੇ ਜਿਹੜੇ ਸਾਨੂੰ ਪਸੰਦ ਨਹੀਂ ਕਰਦੇ ਉਨ੍ਹਾਂ ਲਈ ਸਾਡਾ ਪਹਿਰਾਵਾ ਕੋਈ ਅਰਥ ਨਹੀਂ ਰੱਖਦਾ। ਵਸਤਾਂ ਦੀ ਭਰਮਾਰ ਨੇ ਗਿਆਨ ਦੀ ਜਗਿਆਸਾ ਨੂੰ ਤਹਿਸ ਨਹਿਸ ਕਰ ਧਰਿਆ ਹੈ। ਮੰਡੀ ਨੇ ਵਰਤੋਂ ਅਤੇ ਸੁੱਟੋ ਦੀ ਬਿਰਤੀ ਪਾਲ਼ ਕੇ ਇਹੀ ਬਿਰਤੀ ਰਿਸ਼ਤੇ ਅਤੇ ਸਾਂਝਾਂ ਵਿੱਚ ਵੀ ਪਾਲ਼ੀ ਹੈ। ਸਾਦਗੀ ਤੋਂ ਉਲਟ ਦਿਖਾਵਾ ਬਿਰਤੀ ਨੇ ਲੋਕਾਂ ਵਿੱਚ ਲਿਫਾਫੇਬਾਜ਼ੀ ਦੀ ਲੀਹ ਤੋਰੀ ਹੈ। ਵਿਆਹਾਂ ਤੇ ਵਾਧੂ ਖਰਚਾ ਕਰਦੇ ਕਰਜ਼ਾਈ ਲੋਕ ਖ਼ੁਦਕੁਸ਼ੀ ਤੱਕ ਜਾ ਅੱਪੜਦੇ ਹਨ। ਡਾ: ਨਰਿੰਦਰ ਕਪੂਰ ਲਿਖਦੇ ਹਨ , ਜਿਹੜੇ ਚਾਦਰ ਨਾਲ਼ੋਂ ਪੈਰ ਵਧੇਰੇ ਫੈਲਾਉਂਦੇ ਨੇ ਉਹ ਹੱਥ ਫੈਲਾਉਣ ਲਈ ਵੀ ਮਜਬੂਰ ਹੋ ਜਾਂਦੇ ਹਨ। ਸਾਦਗੀ ਨਾਲ਼ ਆਦਮੀ ਸ਼ਾਂਤਮਈ ਜੀਵਨ ਜਿਉਂ ਲੈਂਦਾ ਹੈ। ਸਾਡੇ ਸੱਭਿਆਚਾਰ ਵਿੱਚ ਰਿਸ਼ੀਆਂ ਮੁਨੀਆਂ ਦਾ ਸਾਦਾ ਜੀਵਨ ਲੋਕ-ਪ੍ਰਵਾਨਗੀ ਵਸੂਲਦਾ ਰਿਹਾ ਹੈ। ਮਹਾਤਮਾ ਬੁੱਧ ਨੇ ਸਭ ਸੁੱਖ ਤਿਆਗ ਕੇ ਹੋਰਨਾ ਦੇ ਸੁੱਖ ਦੀ ਕਾਮਨਾ ਕੀਤੀ ਸੀ। ਜਿਉਂ ਵਿਖਾਵੇ ਦੀ ਭੇਡਚਾਲ ਵਧੀ




ਹੈ - ਘਰ ਦਾ ਖਾਣਾ ਜੰਕ ਫੂਡ ਵਿੱਚ ਬਦਲ ਗਿਆ, ਸਿਹਤ ਵਿਗਾੜ ਪੈਦਾ ਹੋ ਗਏ। ਸੀਮਤ ਸਾਧਨਾਂ ਕਰ ਕੇ ਲੋਕ ਇੱਛਾਵਾਂ ਵੀ ਸੀਮਤ ਰਖਦੇ ਸਨ। ਵਸਤਾਂ ਦੀ ਹਨੇਰੀ ਨੇ ਲੋਕ-ਮਨਾਂ ਵਿੱਚ ਤਰਥੱਲੀ ਮਚਾ ਰੱਖੀ ਹੈ। ਅੰਦਰੋਂ ਨਿੱਘ ਖਾਰਜ ਕਰ ਕੇ ਤੇ ਕਿਰਦਾਰ ਊਣਾ ਕਰ ਕੇ ਸਾਨੂੰ ਥੋਥਾ, ਸੱਖਣਾ ਅਤੇ ਖੋਖਲ਼ਾ ਕਰ ਧਰਿਆ ਹੈ। ਨਿੱਤ ਨਵੇਂ ਕੱਪੜੇ ਬਦਲ ਕੇ ਜਾਂ ਫੋਟੋ ਫੋਨਤੇ ਪਾ ਕੇ ਲੋਕਾਂ ਤੋਂ ਵਾਹ ਵਾਹ ਦੀ ਉਗਰਾਹੀ ਦੀ ਪਿਰਤ ਸਿਰਜੀ ਹੈ। ਸਭ ਲੋਕ ਇਸ ਵਿੱਚ ਰੁੱਝੇ ਆਲ਼ੇ ਦੁਆਲ਼ੇ ਨੂੰ ਗੌਲਣਾ ਛੱਡ ਰਹੇ ਹਨ। ਕੋਲ਼ ਬੈਠੇ ਦਾ ਪਤਾ ਨਹੀਂ ਲੱਗਦਾ। ਕਦੇ ਵੀ ਨਾ ਮੁੱਕਣ ਵਾਲ਼ੀ ਦੌੜ ਦਾ ਹਿੱਸਾ ਬਣਦੇ ਤਸੱਲੀ ਦੀ ਥਾਂ ਫੂੰ ਫਾਂ ਦਾ ਓਹਲਾ ਪਾਲ਼ਦੇ ਹੋਰਨਾ ਦੀ ਨਜ਼ਰ ਵਿੱਚ ਪ੍ਰਸ਼ੰਸਾ ਤਲਾਸ਼ਦੇ ਹੋਰ ਪਰੇ ਹੋਰ ਹੋਰ ਦੇ ਰਾਹ ਜਾ ਪਏ ਹਨ। ਇਉਂ ਦਿਖਾਵੇ ਭਰੇ ਰੁਝੇਵੇਂ ਵਿੱਚ ਲੋਕ ਆਪਣੀ ਤਾਕਤ, ਸਮਰੱਥਾ ਅਤੇ ਸਮੇਂ ਦੀ ਦੁਰਵਰਤੋਂ ਕਰਦੇ ਮਾਨਸਿਕ ਦੁਬਿਧਾ ਦਾ ਸ਼ਿਕਾਰ ਹੋ ਜਾਂਦੇ ਹਨ। ਜਿਸ ਮਾਨਸਿਕਤਾ ਵਿੱਚ ਕੋਈ ਖੱਪਾ ਰਹਿ ਜਾਂਦਾ ਹੈ, ਉਸ ਨੂੰ ਭਰਨ ਲਈ ਲੋਕ ਬਨਾਉਟੀ ਹਥਿਆਰ (ਸ਼ਿੰਗਾਰ) ਦੀ ਵਰਤੋਂ ਕਰਦੇ ਆਪਣੇ ਸੈ੍ਮਾਣ ਨੂੰ ਥੰਮ੍ਹੀਆਂ ਲਾਉਂਦੇ ਲਗਦੇ ਹਨ। ਕੱਪੜੇ, ਗਹਿਣੇ ਜਾਂ ਘਰਾਂ ਦੀ ਨੁਮਾਇਸ਼ ਕਰਨਾ ਹੋਰਨਾ ਦਾ ਧਿਆਨ ਆਪਣੇ ਵੱਲ ਕਰ ਕੇ ਵਾਹ ਵਾਹ ਖੱਟਣ ਜਿਹਾ ਸ਼ੁਗਲ ਪਾਲ਼ਦੇ ਹਨ। ਕਿਹਾ ਜਾਂਦਾ ਹੈ ਅਜਿਹੇ ਲੋਕ ਖੋਖਲ਼ੇ ਬਾਂਸ ਵਾਂਗ ਹਨ। ਅੰਦਰੋਂ ਥੋਥੇ, ਪੋਰ ਪੋਰ ਤੇ ਗੱਠਾਂ ਤੇ ਸਪਰਸ਼ ਤੋਂ ਸਿਲ਼ਤ ਦਾ ਡਰ। ਇਹ ਖ਼ੁਦ ਆਪਣਾ ਵੀ ਸਾਥ ਨਹੀਂ ਨਿਭਾ ਸਕਦੇ, ਜਿੱਥੇ ਮਾਨਸਿਕ ਤ੍ਰਿਪਤੀ ਉਲਝਣਾਂ ਪਾਲ਼ਦੀ ਹੈ। ਸਾਦੇ ਲੋਕ ਅੰਦਰੋਂ ਨਿੱਗਰ ਹੋ ਕੇ ਸਮਾਜਿਕ ਉਸਾਰੀ ਕਰਦੇ ਹਨ। ਉਪਰੋਂ ਧੋਤੇ ਕੱਪੜੇ ਪਾ ਕੇ ਲੋਕ ਅੰਦਰ ਐਬ ਪਾਲ਼ਦੇ ਵੀ ਦੇਖੇ ਹਨ। ਕਵੀ ਤ੍ਰੈਲੋਚੀ ਪੁੱਛਦਾ ਹੈ -

**ਮਨ ਮਸਤਕ ਵਿੱਚ ਕਾਲਖਾਂ ਮੂੰਹ ਦੇ ਵਿੱਚ ਸਲੋਕ।**
**ਧੋਤੇ ਵਸਤਰ ਪਹਿਨ ਕੇ ਕਿੱਧਰ ਚੱਲੇ ਲੋਕ।**

**ਅਜਿਹੇ ਹੀ ਨਿੱਜ ਪਾਲ਼ਦੇ ਲੋਕਾਂ ਲਈ ਇੱਕ ਹੋਰ ਕਵੀ ਇਹ ਲਿਖਦਾ ਹੈ**

**ਜੋ ਪਾਨੀ ਸੇ ਨਹਾਤਾ ਹੈ ਵੋ ਕੇਵਲ ਲਿਬਾਸ ਬਦਲਤਾ ਹੈ,**
**ਜੋ ਪਸੀਨੇ ਸੇ ਨਹਾਤਾ ਹੈ ਵੋ ਇਤਿਹਾਸ ਬਦਲਤਾ ਹੈ।**





www.canadacommercialrealty.ca

# Francis Lee

Associate Broker / REALTOR ®

Cell: (403) 680-6130

O: (403) 278-8899

CANADA COMMERCIAL REAL ESTATE

MaxWell Canyon Creek

#203, 20 Sunpark Plaza SE Calgary, AB T2X 3T2

E-mail: francislee@canadacommercialrealty.ca

Maxwell Canyon Creek
Associate Broker
IC&I Full Commercial Member

Francis Lee is highly trained *Commercial Professional* providing outstanding services with clients looking for commercial properties and business

## ਦੇਖੋ,ਇਸ ਹਫਤੇ ਕਿੰਨੇ ਬਿਜਨਿਸ ਵਿਕਾਊ ਹਨ,ਜੇ ਚਾਹੋ ਤਾਂ ਤੁਸੀਂ ਵੀ ਕਨੇਡਾ ਵਿਚ ਬਿਜਨਿਸਮੈਨ ਬਣ ਸਕਦੇ ਹੋ!

**EXCEPTIONALLY WELL-LOCATED TRUCK STOP**
Asking : $36,000,000, Revenue 2022 : $55,965,918 ,Gas Liter 2022 : 27,720,000 -
- Comprises of a gas station, card lock, C - store, leased franchise restaurant with 16 Acres land which was s built in 2019 and additional 7 Acres development potential is significant.

**APARTMENT & FULL SERVICE FRANCHISE HOTEL**
Asking : $21,500,000,Revenue (Rental: $1,252,560, Hotel:$2,944,266 -88 rooms bachelor suite, 124 rooms of the hotel, 8 meeting rooms and leased out restaurant with 4.56 Acres land.
- There is $1.8 billion project in this city.

**HIGHEND EXTENSION STAY FRANCHISE HOTEL** —add
Asking : $19,900,000, Revenue ( 2023: $3,917,744 ) NOI (2023 : $1,507,195)
Popular national branding flag with rare extended stay, 121-rooms that was built in 2017 with 2.26 Acres located within a major metropolitan area.

**HILTON FRANCHISE HOEL WITH LEASED REASTAURANT**
Asking: $17,500,000, Revenue: (2023 : $4,024,601, 2022:$3,634,128, 121 Rooms, 3 meeting room and leased restaurant (9,000/m) situated 2.87 Acres which was built in 2015.

**BEST WESTERN PLUS FRANCHISE HOTEL WITH LEASED RETAURANT**
Asking : $15,370,000,Revenue ( 2023 : $3,973,637) ,NOI (2023: $1,396,000)
- Four-storey limited-service hotel 105 guest rooms , pool with waterslide, a 5,250Sqft freestanding restaurant and 2.47 Acres land located at big city Alberta .

**GREAT CASH FLOW HOTEL IN CENTRAL AB**
Asking $14,790,000, Revenue 2022: $4,602,995 (Room: $4,287,453, Rental: $315,542) , 2023 :$3,952,342(11 months), NOI 2022 :$2,692,961
-138 room. Leased restaurant, Lounge and free-standing building Liquor store
situated on 4.23 Acres land.

**STRONG CASH FLOW BEST WESTERN PLUS HOTEL**
Asking : $13,490,000, Revenue : (2022 : $3,279,814 ,2023 : $4,092,277, ),
NOI (2022 : $1,402,801, 2023 : $1,946,781)
-96 guest rooms limit service hotel situated 2.54 Acres land which was built in 2013 .

**BEST WESTERN PLUS HOTEL**
Asking: $12,700,000, Revenue (Year end March 31 2023: $3,168,812)
NOI : $1,188,58388 rooms, 2 elevators with 3acres land which was built in 2013 located at very busy heavy major industry in major Hwy.

**FRANCHISE HOTEL AT RESORT AREA**
Asking: $13,250,000, Revenue (Year End April 30) 2022:$3,094,502, 2023: $3,652,872 ,2023 January to October (10months) : $3,393,301
NOI 2022: $1,556,707, 2023 : $1,665,729
- 65-room, 2.48 Acres land with 93 paved parking stalls for the future extension which was built in 2018.
- Main economic influence is transportation, tourism & snow mobile and the ski resort is in the process of development.

**FRANCHISE HOTEL IN CENTRAL AB**
Asking : $5,490,000, Revenue 2022 : $1,033,093, 2023 (Jan to October ) :$989,103
Well built as Best Western standard in Four Storey 66 rooms and 2.35 Acres land hotel with very Highway exposure.

**HOTEL IN CENTRAL AB**
Asking : $3,890,00, Revenue(2022: $855,855) , NOI (2022 : $372,310) - Well maintained 2 storey 45 Rooms hotel that was built in 1999 with 2.95 Acres land located at on Hwy #13 well established city in Central AB .

**WELL MATAINED HOTEL WITH LEASED RESTAURANT**
Asking : $3,790,000, Revenue ( 2023 : $1,271,028, NOI 2023: $451,538)
-99 rooms , leased Stake House restaurant.(2 Executives, 14 Kitchenette, 6 Kitchenette suites, 26 Single, 50 Double) with 3.69 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**MOTEL IN CENTRAL ALBERTA**
Asking : $2,090,000, Revenue :( 2022 :$597,066, 2023: $606,126) NOI : 2023: $335,368)
- 44Rooms, 2 bed room manger suite and closed restaurant & Lounge in April 2017 due to manpower which is ready to operate and the VLT license also can apply which used to be 3 VLT Machine .

**FULL SERVICE HOTEL**
Asking : $1,590,000, Revenue 2022 :$1,452,753, 2023 :$1,533,627
NOI : 2022 :$236,991 2023 :$289,817 , 62 ROOM, Restaurant , Lounge with 2.892 Acres located at Northern Albera.
Potential will be significant by owner operation since it has been operated by GM and the owner's cost is over $5m.

**MOTEL WITH LEASED RESTAURANT IN SK**
-Asking: $2,430,000, Revenue(2022:$652,618,2021:$778,400), NOI (2022:$357,999),50 Guest Rooms, leased 98 Seat Restaurant and 2.79Acres land located in north west Saskatchewan.

**WELL MAINTAINED MOTEL**
Asking: $1,290,000, Revenue (2023 : $548,411, NOI :$271,082)
-Well maintained Cement block and stucco 35 room (10 Kitchen), 2 bedroom manager suite with 3.355 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**CAR WASH IN BIG CITY AB**
Asking : $4,950,000,Revenue (2021 : $919,410,2022 : $858,461, 2023 : $892,021)
-10 Barn type bay, 2 Auto Bay that was replaced with brand new in 2021.
-All of equipment have been well maintained like brand new car wash.

**FRANCHISE CAMPGROUND IN 1000 ISLAND ON**
Asking: $5,750,000),( Revenue : 2022:$1,134,069, NOI :$552,900)
- 138 site including 10 Cabins plus 2,370sqft house with 87.68 Acres land which was built in 1999 and the extra land developments potential is significant.

**GAS STATION &CAR WASH**
Asking : $2,400,000, Revenue 2022:$3,769,237, NOI 2022:$337,652
-Gas station, C Store, Touchless & wand Car Wash with 2.69 Acres land that was built in 2004 and renovated in 2013 located at the intersection of 2 highways.

**LIQUOR STORE NEAR CALGARY**
Asking : $590,000, Revenue 2021 : $1,839,711, 2022 : $1,762,152, 2023 : $1,758,709
Gross margin : 2021 : $406,531, 2022 : $393,922, 2023 : $356,754
Size: 2,460 Sqft, Lease term : till April 30, 2029 and 5 years option.



# ਦਿਲ ਦਹਿਲਾ ਦੇਣ ਵਾਲਾ




**ਜਥੇਦਾਰ ਕਰਤਾਰ ਸਿੰਘ ਝੱਬਰ, ਲਛਮਣ ਸਿੰਘ ਧਾਰੋਵਾਲੀ, ਹਰਬੰਸ ਸਿੰਘ ਅਟਾਰੀ ਆਦਿਕ ਅਨੇਕਾਂ ਆਗੂ ਮੂਹਰਲੀ ਕਤਾਰ ਵਿੱਚ ਵਿਚਰ ਰਹੇ ਸਨ।ਸ਼ੇਖੂਪੁਰੇ ਦੇ ਨੇੜੇ ਵਸੇ ਧਾਰੋਵਾਲੀ (ਹੁਣ ਪਾਕਿਸਤਾਨ) ਪਿੰਡ ਦੇ ਰਹਿਣ ਵਾਲੇ ਸ: ਲਛਮਣ ਸਿੰਘ ਦੇ ਨਗਰ ਵਿੱਚ ਅਕਤੂਬਰ 1920 ਨੂੰ ਨਰੈਣੂ ਮਹੰਤ ਦੇ ਖਿਲਾਫ ਇੱਕ ਵੱਡੀ ਕਾਨਫਰੰਸ ਹੋਈ ਜਿਸ ਵਿੱਚ ਪੰਥਕ ਬੁਲਾਰਿਆਂ ਨੇ ਨਨਕਾਣਾ ਸਾਹਿਬ ਨੂੰ ਨਰਾਇਣ ਦਾਸ ਤੇ ਉਹਦੇ ਗੁੰਡਿਆਂ ਤੋਂ ਆਜ਼ਾਦ ਕਰਾਉਣ ਦੀ ਅਪੀਲ ਕੀਤੀ।ਉਧਰ ਮਹੰਤ ਨੇ ਵੀ ਆਪਣੀ ਬਾਦਸ਼ਾਹਤ ਕਾਇਮ ਰੱਖਣ ਲਈ ਅਨੇਕਾਂ ਪਸ਼ਤੂਨ ਪਠਾਣਾਂ ਨੂੰ ਵੀਹ ਰੁਪਏ ਮਹੀਨੇ ਤੇ ਭਰਤੀ ਕਰਨਾ ਸ਼ੁਰੂ ਕਰ ਦਿੱਤਾ।ਨਾਲ ਦੀ ਨਾਲ ਅੰਗਰੇਜ਼ ਹਾਕਮਾਂ ਨਾਲ ਵੀ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ।ਅਨੇਕਾਂ ਪ੍ਰਕਾਰ ਦਾ ਅਸਲਾ ਵੀ ਜਮ੍ਹਾਂ ਕਰ ਲਿਆ।**

ਇਹ ਬੜੀ ਸਿਤਮ-ਜ਼ਰੀਫੀ ਹੈ ਕਿ ਸਿੱਖ ਕੌਮ ਨੇ ਜਦ ਵੀ ਆਪਣੇ ਹੱਕ ਮੰਗੇ ਤਾਂ ਇਸ ਨੂੰ ਅਕਸਰ ਖ਼ੂਨ ਦੀਆਂ ਨਦੀਆਂ ਚੋਂ ਹੀ ਲੰਘਣਾ ਪਿਆ।ਬੇਸ਼ੱਕ ਗੁਰੂ ਨਾਨਕ ਪਾਤਸ਼ਾਹ ਨੇ ਸਮੁੱਚੇ ਸੰਸਾਰ ਨੂੰ ਆਪਣਾ ਪਰਿਵਾਰ ਮੰਨਦਿਆਂ 'ਸਰਬੱਤ ਦੇ ਭਲੇ' ਦਾ ਅਦੁੱਤੀ ਸੰਕਲਪ ਦਿੱਤਾ ਪਰ ਸਮਾਂ ਪਾ ਕੇ ਉਹਨਾਂ ਦੇ ਆਪਣੇ ਜਨਮ ਅਸਥਾਨ ਉੱਪਰ ਹੀ ਐਸੇ ਲੋਕ ਕਾਬਜ਼ ਹੋ ਗਏ ਜਿਹੜੇ 'ਗਲੀਂ ਅਸੀ ਚੰਗੀਆਂ ਆਚਾਰੀ ਬੁਰੀਆਹ' ਦੀ ਸਾਖਸ਼ਾਤ ਤਸਵੀਰ ਸਨ।ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ ਤੋਂ ਬਾਅਦ ਅੰਗਰੇਜ਼ਾਂ ਦੀ ਸਰਪ੍ਰਸਤੀ ਅਧੀਨ ਸਿੱਖ ਗੁਰਧਾਮਾਂ ਉੱਪਰ ਇੱਕ ਐਸੀ ਜਮਾਤ ਨੇ ਕਬਜ਼ਾ ਜਮਾ ਲਿਆ ਜੋ ਗੁਰਮਤਿ ਸਿਧਾਂਤਾਂ ਤੋਂ ਮੂਲੋਂ ਹੀ ਕੋਰੀ ਤੇ ਐਸ਼ਵਰਜ਼ ਜੀਵਨ ਜਿਊਣੀ ਵਾਲੀ ਪੁਜਾਰੀ ਜਮਾਤ ਸੀ।

ਐਸੀ ਹੀ ਬਿਰਤੀ ਵਾਲੇ ਇੱਕ ਪੁਰਖ ਨਰਾਇਣ ਦਾਸ ਉਰਫ ਨਰੈਣੂ ਮਹੰਤ ਦੇ ਹੱਥਾਂ ਵਿੱਚ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਨਨਕਾਣਾ ਸਾਹਿਬ ਦੀ ਵਾਗਡੋਰ ਆ ਗਈ।ਨਰੈਣੂ ਮਹੰਤ ਸਮੇਤ ਹੋਰਨਾਂ ਇਤਿਹਾਸਕ ਗੁਰਦੁਆਰਿਆਂ ਉੱਪਰ ਵੀ ਵੇਲੇ ਦੀ ਅੰਗਰੇਜ਼ ਹਕੂਮਤ ਨੇ ਗਿਣੀ-ਮਿਥੀ ਸਾਜਿਸ਼ ਤਹਿਤ ਖੁਦ ਕਬਜ਼ੇ ਕਰਵਾਏ ਸਨ ਤਾਂ ਜੋ ਦੁਬਾਰਾ 'ਸਰਕਾਰ-ਏ-ਖਾਲਸਾ' ਜਿਹੇ ਨਿਜ਼ਾਮ ਦੀ ਇਹਨਾਂ ਗੁਰੁ-ਘਰਾਂ ਚ ਕੋਈ ਗੱਲ ਨਾ ਹੋ ਸਕੇ ਤੇ ਮਿਰੀ-ਪੀਰੀ ਦੇ ਸਿਧਾਂਤ ਨੂੰ ਸਿੱਖ ਮਨਾਂ ਵਿਚੋਂ ਸਦਾ ਲਈ ਮਿਟਾਇਆ ਜਾ ਸਕੇ।

ਗੁਰੂ ਨਾਨਕ ਪਾਤਸ਼ਾਹ ਦੀ ਜਨਮ ਭੋਇੰ 'ਰਾਇ ਭੋਇੰ ਦੀ ਤਲਵੰਡੀ' ਦੇ ਮਾਲਕ ਰਾਇ ਬੁਲਾਰ ਜੀ ਨੇ ਆਪਣੇ ਆਖਰੀ ਵਕਤ ਆਪਣੀ ਤਮਾਮ ਜਾਇਦਾਦ ਦੀ ਵਸੀਅਤ ਗੁਰੁ-ਬਾਬੇ ਦੇ ਨਾਂ ਲਿਖ਼ ਦਿੱਤੀ।ਇਸ ਪੂਰੀ ਜਾਇਦਾਦ ਦਾ ਲੇਖਾ ਜੋਖਾ ਲਾਇਆਂ ਇਹ ਜ਼ਮੀਨ ਲਗਭਗ ੧੯੦੦੦ ਏਕੜ ਦੇ ਕਰੀਬ ਬਣਦੀ ਹੈ।ਇਸ ਸਮੁੱਚੀ ਜ਼ਮੀਨ ਨੂੰ ਜੇ ਕਿਲੋਮੀਟਰਾਂ ਵਿੱਚ ਮਾਪੀਏ ਤਾਂ ਇਸਦੀ ਪੈਮਾਇਸ਼ ੭੭ ਵਰਗ ਕਿਲੋਮੀਟਰ ਦੇ ਕਰੀਬ ਬਣਦੀ ਹੈ।ਏਨੀ ਵੱਡੀ ਜਾਇਦਾਦ ਦਾ ਮਾਲਕ ਬਣਨ 'ਤੇ ਨਰੈਣੂ ਮਹੰਤ ਦਾ ਮਾਨਸਿਕ ਤਵਾਜ਼ਨ ਵਿਗੜ ਜਾਣਾ ਕੁਦਰਤੀ ਹੀ ਸੀ।ਉਸਨੇ ਗੁਰੂ-ਬਾਬੇ ਦੇ ਦਰ ਨੂੰ ਨਿਰੰਤਰ ਅਯਾਸ਼ੀ ਦਾ ਅੱਡਾ ਬਨਾਉਣਾ ਸ਼ੁਰੂ ਕਰ ਦਿੱਤਾ।ਉਸਦੇ ਆਪਣੇ ਕਈ ਵਿਆਹ ਹੋਏ ਸਨ ਤੇ ਵਿਗੜੈਲ ਰਾਜਿਆਂ-ਮਹਾਰਾਜਿਆਂ ਵਾਂਗ ਉਹ ਹਰ ਤਰ੍ਹਾਂ ਦੇ ਜਾਇਜ਼-ਨਜਾਇਜ਼ ਧੰਦੇ ਗੁਰਦੁਆਰਾ ਸਾਹਿਬ ਦੀ ਹਦੂਦ ਚ ਕਰਦਾ।ਉਹਦੀਆਂ ਇਹਨਾਂ ਕਰਤੂਤਾਂ ਨੂੰ ਦੇਖਦਿਆਂ ਸੰਗਤ ਦੀ ਆਮਦ ਵੀ ਦਿਨੋ-ਦਿਨ ਘਟਣ ਲੱਗੀ।ਇੱਥੋਂ ਤੱਕ ਕਿ ਸੰਨ ੧੯੧੮ ਵਿੱਚ ਇੱਕ ਸਿੱਖ ਅਫਸਰ ਆਪਣੇ ਪਰਿਵਾਰ ਸਮੇਤ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਇਆ ਤਾਂ ਸ਼ਾਮ ਨੂੰ ਰਹਿਰਾਸ ਦੇ ਵੇਲੇ ਜਦ ਬੱਚੀ ਬਾਹਰ ਵਰਾਂਡੇ ਵਿੱਚ ਬੈਠੀ ਸੀ ਤਾਂ ਨਰੈਣੂ ਮਹੰਤ ਦੇ ਗੁੰਡਿਆਂ ਨੇ ਉਸ ੧੩ ਸਾਲਾ ਬੱਚੀ ਨੂੰ ਬੰਦੀ ਬਣਾ ਲਿਆ ਤੇ ਉਸ ਬੱਚੀ ਨਾਲ ਨਰੈਣੂ ਸਮੇਤ ਉਹਦੇ ਪਾਲੇ ਗੁੰਡਿਆਂ ਨੇ ਆਪਣਾ ਮੂੰਹ-ਕਾਲਾ ਕੀਤਾ।ਜਦ ਸਿੱਖ ਅਫਸਰ ਨੇ ਇਸਦਾ ਵਿਰੋਧ ਕੀਤਾ ਤਾਂ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।ਬੱਚੀ ਦਾ ਬਾਪ ਸਰਕਾਰੀ ਅਫਸਰ ਹੋਣ ਦੇ ਬਾਵਜੂਦ ਮਹੰਤ ਦੇ ਖਿਲ਼ਾਫ ਕਾਰਵਾਈ ਕਰਾਉਣ ਵਿੱਚ ਅਸਮਰੱਥ ਰਿਹਾ ਕਿਉਂ ਕਿ ਮਹੰਤ ਦੇ ਹੱਥ ਅੰਗਰੇਜ਼ ਸਰਕਾਰ ਦੇ ਸਿਖਰਲੇ ਹੁਕਮਰਾਨਾਂ ਤੱਕ ਫੈਲੇ ਹੋਏ ਸਨ।

ਪੰਥਕ ਹਿਰਦਿਆਂ ਵਿੱਚ ਇਸ ਗੱਲ ਦਾ ਡਾਢਾ ਰੋਸ ਸੀ ਪਰ ਬਹੁਤੇ ਸਰਮਾਏਦਾਰ ਸਿੱਖ ਆਗੂ ਵੀ ਅੰਗਰੇਜ਼-ਭਗਤੀ ਵਿੱਚ ਬੁਰੀ ਤਰ੍ਹਾਂ ਅੰਨ੍ਹੇ ਹੋਏ ਪਏ ਸਨ।ਬੇਸ਼ੱਕ ਸਰਦਾਰ ਸੁੰਦਰ ਸਿੰਘ 'ਅਕਾਲੀ' ਵਰਗੇ ਦਰਵੇਸ਼ ਸਿੱਖਾਂ ਨੇ ਆਪਣੇ ਅਖਬਾਰ 'ਅਕਾਲੀ' ਵਿੱਚ ਅਜਿਹੀਆਂ ਘਟਨਾਵਾਂ ਦਾ ਡਟ ਕੇ ਵਿਰੋਧ ਕੀਤਾ ਤੇ ਇਸ ਨਰੈਣੂ ਮਹੰਤ ਦੇ ਖਿਲ਼ਾਫ ਸਿੱਖ ਜਨ-ਸਾਧਾਰਣ ਨੇ ਅਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ।

ਸਿੱਖ ਅਫਸਰ ਦੀ ਬੇਟੀ ਨਾਲ ਹੋਏ ਜਬਰ-ਜਨਾਹ ਵਾਲੀ ਘਟਨਾ ਦਾ ਸੇਕ ਹਾਲੇ ਠੰਢਾ ਨਹੀਂ ਸੀ ਹੋਇਆ ਕਿ ਪੂਰਨਮਾਸ਼ੀ ਦੀ ਰਾਤ ਨੂੰ ਜੜ੍ਹਾਂ ਵਾਲੇ (ਹੁਣ ਫੈਸਲਾਬਾਦ) ਤੋਂ ਅੱਧੀ ਦਰਜ਼ਨ ਦੇ ਕਰੀਬ ਸਿੱਖ ਨੌਜਵਾਨ ਬੀਬੀਆਂ ਜਦ ਨਨਕਾਣਾ ਸਾਹਿਬ ਜ਼ਿਆਰਤ ਕਰਨ ਆਈਆਂ ਤਾਂ ਦੂਰ-ਦੁਰਾਡਿਓਂ ਆਈਆਂ ਹੋਣ ਕਾਰਨ ਉਹ ਨਨਕਾਣਾ ਸਾਹਿਬ ਚ ਬਣੀ ਸਰਾਂ ਵਿੱਚ ਹੀ ਠਹਿਰ ਗਈਆਂ।ਉਹਨਾਂ ਦਾ ਗੁਰੂ-ਬਾਬੇ ਦੇ ਅਸਥਾਨ ਤੇ ਠਹਿਰਣਾ ਹੀ ਉਹਨਾਂ ਲਈ ਨਰਕ ਸਾਬਤ ਹੋ ਗਿਆ।ਮਹੰਤ ਦੇ ਗੁੰਡਿਆਂ ਨੇ ਰਾਤ ਨੂੰ ਹਰ ਬੀਬੀ ਨਾਲ ਰੱਜ ਕੇ ਜ਼ਿਆਦਤੀ ਕੀਤੀ ਤੇ ਬੜੀ ਮੁਸ਼ਕਲ ਨਾਲ ਇਹ ਬੀਬੀਆਂ ਆਪਣੀ ਜਾਨ ਬਚਾ ਕੇ ਆਪਣੇ ਘਰ ਵਾਪਸ ਪਰਤ ਸਕੀਆਂ।ਜਦ ਇਹ ਘਟਨਾ ਪੰਥਕ ਗਲਿਆਰਿਆਂ ਚ ਗੂੰਜੀ ਤਾਂ ਹਰ ਸਿੱਖ ਦਾ ਹਿਰਦਾ ਛਲਣੀ ਹੀ ਨਹੀਂ ਹੋਇਆ ਸਗੋਂ 'ਇੱਜ਼ਤਾਂ ਦੇ ਰਾਖੇ' ਕਹਾਉਣ ਵਾਲੇ ਸਿੰਘਾਂ ਦੇ ਸਿਰ ਵੀ ਸ਼ਰਮ ਨਾਲ ਨੀਵੇਂ ਹੋ ਗਏ। ਇਸ ਘਟਨਾ ਨੂੰ ਵੀ ਸਰਦਾਰ ਸੁੰਦਰ ਸਿੰਘ ਲਾਇਲਪੁਰੀ ਨੇ ਸਿੱਟਿਆਂ ਦੀ ਪ੍ਰਵਾਹ ਕਰੇ ਬਗੈਰ ਆਪਣੇ ਹਫਤਾਵਾਰੀ ਅਖਬਾਰ 'ਅਕਾਲੀ' ਵਿੱਚ ਡਟ ਕੇ ਉਭਾਰਿਆ ਤੇ ਸਿੱਖਾਂ ਨੂੰ ਇਹਨਾਂ ਅਯਾਸ਼ਾਂ ਤੋਂ ਗੁਰਧਾਮ ਆਜ਼ਾਦ ਕਰਾਉਣ ਦਾ ਸੱਦਾ ਦਿੱਤਾ।

ਚੇਤੇ ਰਹੇ ਕਿ ਸ: ਸੁੰਦਰ ਸਿੰਘ ਲਾਇਲਪੁਰੀ, ਕੰਬੋਜ ਸੰਧਾ ਖਾਨਦਾਨ ਨਾਲ ਸੰਬੰਧਿਤ ਅਤਿਅੰਤ ਜ਼ਹੀਨ ਦਿਮਾਗ ਤੇ ਦਰਵੇਸ਼ ਆਦਮੀ ਸੀ।ਉਹ ਨਨਕਾਣਾ ਸਾਹਿਬ ਦੇ ਨੇੜੇ ਹੀ ਵਸੇ ਪਿੰਡ ਬਹੋੜੂ ਦਾ ਵਸਨੀਕ ਸੀ ਤੇ ਲਾਹੌਰ ਤੋਂ 'ਅਕਾਲੀ' ਨਾਂ ਦਾ ਅਖਬਾਰ ਕੱਢਦਾ ਸੀ।ਅੰਮ੍ਰਿਤਸਰ ਦੇ ਨੇੜੇ ਵੱਸੇ ਬਹੋੜੂ ਪਿੰਡ ਤੋਂ ਹੀ ਕੁਝ ਅਗਾਂਹਵਧੂ ਕਿਸਾਨਾਂ ਨੇ ਸ਼ੇਖੂਪੁਰੇ ਦੇ ਨੇੜੇ ਬਾਰ ਦੇ ਇਲਾਕੇ ਚ ਜਾ ਕੇ ਨਵਾਂ ਪਿੰਡ ਬਹੋੜੂ ਵਸਾ ਲਿਆ ਸੀ।ਇਸ ਦਰਵੇਸ਼ ਸਿਆਸਤਾਨ ਨੇ ਹੀ ਸ਼ਹੀਦਾਂ ਦੀ ਜਥੇਬੰਦੀ 'ਅਕਾਲੀ ਦਲ' ਦੀ ਨੀਂਹ ਰੱਖੀ ਸੀ ਤੇ ਆਪਣੇ ਪਰਿਵਾਰਕ ਮੈਂਬਰਾਂ ਦੀ ਵੀ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਂਦੇ ਵਕਤ ਕੁਰਬਾਨੀ ਦਿੱਤੀ ਸੀ।ਅਜੋਕੇ ਅਕਾਲੀ ਨੇਤਾ ਉਸ ਦਰਵੇਸ਼ ਦੇ ਕਦਮਾਂ ਵਰਗੇ ਵੀ ਨਹੀਂ।ਖਾਲਸਾ ਸਕੂਲ ਲਾਇਲਪੁਰ ਜਿਸ ਦੀ ਤਰਜ਼ 'ਤੇ ਬਾਅਦ ਵਿੱਚ ਜਲੰਧਰ 'ਚ 'ਲਾਇਲਪੁਰ ਖਾਲਸਾ ਕਾਲਜ' ਜਲੰਧਰ ਬਣਿਆ।ਇਹਨਾਂ ਸਭਨਾਂ ਅਦਾਰਿਆਂ ਮਗਰ ਸੋਚ ਏਸੇ ਮਹਾਂਪੁਰਸ਼ ਦੀ ਸੀ।ਅੱਜ ਦੇ ਅੰਗਰੇਜ਼ੀ ਦੇ ਵੱਡੇ ਅਖਬਾਰ 'ਹਿੰਦੁਸਤਾਨ ਟਾਈਮਜ਼' ਦਾ ਬਾਨੀ ਚੇਅਰਮੈਨ ਵੀ ਸੁੰਦਰ ਸਿੰਘ ਲਾਇਲਪੁਰੀ ਹੀ ਸੀ।ਬੇਸ਼ੱਕ ਸਮਾਂ ਪਾ ਕੇ ਇਹ ਸਭ ਅਦਾਰੇ ਪੰਥਕ ਸਫਾਂ ਤੋਂ ਦੂਰ ਹੋ ਗਏ।

ਖੈਰ, ਸਭ ਤੋਂ ਪਹਿਲਾਂ ਲਾਹੌਰ ਵਿਖੇ 'ਅਕਾਲੀ' ਅਖਬਾਰ ਦੇ ਦਫਤਰ ਵਿੱਚ ਸਿੱਖ ਆਗੂਆਂ ਦੀਆਂ ਮੀਟਿੰਗਾਂ ਨਰੈਣੂ ਮਹੰਤ ਦੇ ਖਿਲਾਫ ਹੋਣ ਲੱਗੀਆਂ।ਏਸੇ ਸਮੇਂ ਸਿੱਖ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਲਈ ਸ਼੍ਰੋਮਣੀ ਕਮੇਟੀ ਦੇ ਰੂਪ ਵਿੱਚ ਬਹੁਤ ਸਾਰੇ ਪੰਥਕ ਆਗੂਆਂ ਨੇ ਆਪਣੀਆਂ ਸੇਵਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ।ਜਥੇਦਾਰ ਕਰਤਾਰ ਸਿੰਘ ਝੱਬਰ, ਲਛਮਣ ਸਿੰਘ ਧਾਰੋਵਾਲੀ, ਹਰਬੰਸ ਸਿੰਘ ਅਟਾਰੀ ਆਦਿਕ ਅਨੇਕਾਂ ਆਗੂ ਮੂਹਰਲੀ ਕਤਾਰ ਵਿੱਚ ਵਿਚਰ ਰਹੇ ਸਨ।ਸ਼ੇਖੂਪੁਰੇ ਦੇ ਨੇੜੇ ਵਸੇ ਧਾਰੋਵਾਲੀ (ਹੁਣ ਪਾਕਿਸਤਾਨ) ਪਿੰਡ ਦੇ ਰਹਿਣ ਵਾਲੇ ਸ: ਲਛਮਣ ਸਿੰਘ ਦੇ ਨਗਰ ਵਿੱਚ ਅਕਤੂਬਰ 1920 ਨੂੰ ਨਰੈਣੂ ਮਹੰਤ ਦੇ ਖਿਲਾਫ ਇੱਕ ਵੱਡੀ ਕਾਨਫਰੰਸ ਹੋਈ ਜਿਸ ਵਿੱਚ ਪੰਥਕ ਬੁਲਾਰਿਆਂ ਨੇ ਨਨਕਾਣਾ ਸਾਹਿਬ ਨੂੰ ਨਰਾਇਣ ਦਾਸ ਤੇ ਉਹਦੇ ਗੁੰਡਿਆਂ ਤੋਂ ਆਜ਼ਾਦ ਕਰਾਉਣ ਦੀ ਅਪੀਲ ਕੀਤੀ।ਉਧਰ ਮਹੰਤ ਨੇ ਵੀ ਆਪਣੀ ਬਾਦਸ਼ਾਹਤ ਕਾਇਮ ਰੱਖਣ ਲਈ ਅਨੇਕਾਂ ਪਸ਼ਤੂਨ ਪਠਾਣਾਂ ਨੂੰ ਵੀਹ ਰੁਪਏ ਮਹੀਨੇ ਤੇ ਭਰਤੀ ਕਰਨਾ ਸ਼ੁਰੂ ਕਰ ਦਿੱਤਾ।ਨਾਲ ਦੀ ਨਾਲ ਅੰਗਰੇਜ਼ ਹਾਕਮਾਂ ਨਾਲ ਵੀ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ।ਅਨੇਕਾਂ ਪ੍ਰਕਾਰ ਦਾ ਅਸਲਾ ਵੀ ਜਮ੍ਹਾਂ ਕਰ ਲਿਆ।

ਜਦ ਪੰਥਕ ਆਗੂਆਂ ਨੂੰ ਨਰੈਣੂ ਦੀ ਇਸ ਹਰਕਤ ਦਾ ਪਤਾ ਲੱਗਾ ਤਾਂ ਉਹਨਾਂ ਨੇ ਹਰ ਪ੍ਰਕਾਰ ਦੇ ਕੂਟਨੀਤਕ ਯਤਨ ਆਰੰਭੇ ਤਾਂ ਜੋ ਕਿਸੇ ਵੀ ਪ੍ਰਕਾਰ ਦੇ ਖ਼ੂਨ-ਖਰਾਬੇ ਤੋਂ ਬਚਿਆ ਜਾ ਸਕੇ। ਇੱਥੋਂ ਤੱਕ ਕਿ ਮਹਾਰਾਜਾ ਪਟਿਆਲਾ ਨੇ ਵੀ ਮਹੰਤ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਕਮੇਟੀ ਹਵਾਲੇ ਕਰਨ ਦੀ ਰਾਇ ਦਿੱਤੀ ਪਰ ਮਹੰਤ ਹੱਥੀਂ ਆਇਆ ਰਾਜ-ਭਾਗ ਕਿਸੇ ਵੀ ਤਰ੍ਹਾਂ ਛੱਡਣ ਤੋਂ ਇਨਕਾਰੀ ਸੀ।ਆਖਰ ਪੰਥਕ ਕਮੇਟੀ ਨੂੰ ਸੂਚਨਾ ਮਿਲੀ ਕਿ ਮਹੰਤ ੨੦ ਫਰਵਰੀ ਨੂੰ ਲਾਹੌਰ ਕਿਸੇ ਕੰਮ ਜਾ ਰਿਹਾ ਹੈ ਸੋ ਇਸਦਾ ਫਾਇਦਾ ਉਠਾਉਂਦੇ ਹੋਏ ਇੱਕ ਵੱਡਾ ਜਥਾ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਹੇਠ ੨੦ ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚੇ ਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਵੇ।

ਏਸੇ ਯੋਜਨਾ ਤਹਿਤ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਭਾਈ ਟਹਿਲ ਸਿੰਘ ਨਿਜ਼ਾਮਪੁਰਾ ਆਪੋ ਆਪਣੇ ਜਥੇ ਲੈ ਕੇ ੧੯ ਫਰਵਰੀ ਦੀ ਰਾਤ ਨੂੰ ਚੰਦਰ ਕੋਟ ਦੀ ਨਹਿਰੀ ਝਾਲ ਤੇ ਪਹੁੰਚ ਗਏ।ਭਾਈ ਲਛਮਣ ਸਿੰਘ ਦੇ ਜਥੇ ਵਿੱਚ ੨੩ ਦੇ ਕਰੀਬ ਮਰਜੀਵੜੇ ਸਨ ਜਦ ਕਿ ਸ: ਟਹਿਲ ਸਿੰਘ ਦੇ ਜਥੇ ਦੀ ਗਿਣਤੀ ਡੇਢ ਸੌ ਤੋਂ ਕੁਝ ਵਧੀਕ ਮੰਨੀ ਜਾਂਦੀ ਹੈ।ਇਹ ਸਾਰੇ ਸਿੰਘ ਸ਼ੇਖੂਪੁਰੇ ਦੇ ਨੇੜਲੇ ਕੰਬੋਜ ਖਾਨਦਾਨ ਦੀ ਬਹੁਤਾਤ ਵਾਲੇ ਪਿੰਡਾਂ ਨਿਜ਼ਾਮਪੁਰ ਦੇਵਾ ਸਿੰਘ, ਨਿਜ਼ਾਮਪੁਰ ਮੂਲਾ ਸਿੰਘ, ਚੇਲੇ ਵਾਲਾ, ਬਹੋੜੂ, ਥੋਥੀਆਂ, ਡੱਲਾ ਚੰਦ ਸਿੰਘ ਆਦਿ ਦੇ ਵਸਨੀਕ ਸਨ। ਚੰਦਰ ਕੋਟ ਦੀ ਝਾਲ 'ਤੇ ਹੀ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਆਪਣਾ ਵੱਡਾ ਜਥਾ ਲੈ ਕੇ ਪਹੁੰਚਣਾ ਸੀ ਪਰ ਉਹ ਇੱਥੇ ਪਹੁੰਚ ਨਾ ਸਕੇ।ਜਥੇਦਾਰ ਲਛਮਣ ਸਿੰਘ ਨੇ ਉਹਨਾਂ ਦਾ ਇੰਤਜ਼ਾਰ ਕਰਨ ਲਈ ਕਿਹਾ ਪਰ ਸ: ਟਹਿਲ ਸਿੰਘ ਨਿਜ਼ਾਮਪੁਰਾ ਦਾ ਕਹਿਣਾ ਸੀ ਕਿ ਉਹ ਮੋਰਚਾ ਫਤਿਹ ਕਰਨ ਦੀ ਅਰਦਾਸ ਕਰ ਕੇ ਘਰੋਂ ਤੁਰੇ ਹਨ, ਇਸ ਲਈ ਉਹ ਜਥੇਦਾਰ ਕਰਤਾਰ ਸਿੰਘ ਦੇ ਇੰਤਜ਼ਾਰ ਵਿੱਚ ਅਗਲਾ ਦਿਨ ਜ਼ਾਇਆ ਨਹੀਂ ਜਾਣ ਦੇਣਾ ਚਾਹੁੰਦੇ।

ਖੈਰ, ਜਥਾ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਪਿਆ।ਪਹੁ ਫੁਟਦਿਆਂ ਤੱਕ ਸਾਰੇ ਨਨਕਾਣਾ ਸਾਹਿਬ ਦੇ ਬਾਹਰ ਇੱਟਾਂ ਦੇ ਭੱਠੇ ਦੇ ਨਜ਼ਦੀਕ ਪਹੁੰਚ ਗਏ। ਇੱਥੇ ਹੀ ਚੌਧਰੀ ਪਾਲ ਸਿੰਘ ਲਾਇਲਪੁਰੀ ਨੇ ਸ: ਲਛਮਣ ਸਿੰਘ ਧਾਰੋਵਾਲੀ ਨੂੰ ਜੱਫਾ ਮਾਰ ਕੇ ਅੱਗੇ ਨਾ ਵਧਣ ਦੀ ਬੇਨਤੀ ਕੀਤੀ ਕਿਉਂ ਕਿ ਉਹ ਨਰੈਣੂ ਮਹੰਤ ਦੇ ਸਾਰੇ ਮਨਸੂਬੇ ਅੱਖੀਂ ਵੇਖ ਆਇਆ ਸੀ ਤੇ ਉਸਨੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਵੀ ਸਾਰੇ ਹਾਲਾਤ ਤੋਂ ਜਾਣੂੰ ਕਰਵਾ ਦਿੱਤਾ ਸੀ।ਸ: ਟਹਿਲ ਸਿੰਘ ਨੇ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਚ ਕੀਤੀ ਅਰਦਾਸ ਦਾ ਵਾਸਤਾ ਪਾ ਕੇ ਪਾਲ ਸਿੰਘ ਲਾਇਲਪੁਰੀ ਨੂੰ ਪਿੱਛੇ ਹਟਾ ਦਿੱਤਾ।ਅੱਗੇ ਨਨਕਾਣਾ ਸਾਹਿਬ ਦੀ ਦਰਸ਼ਨੀ ਡਿਊਢੀ ਦੇ ਬਾਹਰ ਘੋੜਸਵਾਰ ਸ: ਰਾਮ ਸਿੰਘ ਵੀ ਬਦਲੇ ਹਾਲਾਤਾਂ ਮੁਤਾਬਕ ਜਥੇਦਾਰ ਕਰਤਾਰ ਸਿੰਘ ਝੱਬਰ ਦਾ ਲਿਖਤੀ ਫੁਰਮਾਨ ਲੈ ਕੇ ਪਹੁੰਚ ਗਿਆ। ਉਸਨੇ ਵੀ ਜਥੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਸ: ਟਹਿਲ ਸਿੰਘ ਦਾ ਇੱਕੋ ਜਵਾਬ ਸੀ 'ਸਿਰ ਤੇ ਕੱਫਣ ਬੰਨ੍ਹ ਕੇ ਤੁਰੇ ਹਾਂ, ਜਾਂ ਤਾਂ ਨਨਕਾਣਾ ਸਾਹਿਬ ਅੱਜ ਆਜ਼ਾਦ ਹੋਊ, ਜਾਂ ਸ਼ਹੀਦੀ ਪਾਵਾਂਗੇ।'

ਆਖਰ ਸੁਬਾਹ ਪੰਜ ਕੁ ਵਜੇ ਅੰਮ੍ਰਿਤ ਵੇਲੇ ਪਹੁ-ਫੁਟਾਲੇ ਦੇ ਵਕਤ ਜਥਾ ਜੈਕਾਰੇ ਗਜਾਉਂਦਾ ਬੜੀ ਤੇਜ਼ੀ ਨਾਲ ਦਰਸ਼ਨੀ ਡਿਊਢੀ ਚੋਂ ਅੰਦਰ ਦਾਖਲ ਹੋ ਗਿਆ। ਉਧਰ ਨਰੈਣੂ ਮਹੰਤ ਦੇ ਗੁੰਡੇ ਵੀ ਸਤਰਕ ਹੋ ਗਏ। ਉਹਨਾਂ ਨੇ ਦਰਸ਼ਨੀ ਡਿਊਢੀ ਦੇ ਗੇਟ ਬੰਦ ਕਰ ਦਿੱਤੇ।ਭਾਈ ਲਛਮਣ ਸਿੰਘ ਧਾਰੋਵਾਲੀ ਗੁਰਦੁਆਰਾ ਜਨਮ ਅਸਥਾਨ ਵਿੱਚ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਾ ਕੇ ਬਿਰਾਜਮਾਨ ਹੋ ਗਏ।ਬਾਕੀ ਸੰਗਤ ਸਤਿਨਾਮ ਦਾ ਜਾਪ ਕਰਨ ਲੱਗੀ। ਓਸੇ ਵਕਤ ਨਰੈਣੂ ਮਹੰਤ ਦੇ ਇਸ਼ਾਰੇ ਤੇ ਉਹਦੇ ਪਾਲੇ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ।ਜਿਸ ਮਰਜੀਵੜੇ ਦੇ ਗੋਲੀ ਵੱਜ ਜਾਂਦੀ, ਉਹਦਾ ਸਿਰ ਗੰਡਾਸੇ ਨਾਲ ਅਲੱਗ ਕਰ ਦਿੱਤਾ ਜਾਂਦਾ।ਬੇਸ਼ੱਕ ਕੁਝ ਕੁ ਸਿੰਘਾਂ ਨੇ ਇਸਦਾ ਵਿਰੋਧ ਵੀ ਕਰਨਾ ਚਾਹਿਆ ਪਰ ਨਰੈਣੂ ਮਹੰਤ ਦੇ ਪਾਲੇ ਚਾਰ ਸੌ ਦੇ ਕਰੀਬ ਗੁੰਡੇ ਕਈ ਦਿਨ ਤੋਂ ਏਸੇ ਹੀ ਤਿਆਰੀ ਵਿੱਚ ਸਨ। ਕੁਝ ਹੀ ਪਲਾਂ ਵਿੱਚ ਪੂਰੇ ਦਾ ਪੂਰਾ ਜਥਾ ਲਾਸ਼ਾਂ ਦੇ ਢੇਰ ਵਿੱਚ ਤਬਦੀਲ ਹੋ ਗਿਆ।ਭਾਈ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚ ਗੋਲੀ ਲੱਗਣ ਨਾਲ ਜ਼ਖਮੀ ਹਾਲਤ ਵਿੱਚ ਪਿਆ ਸੀ, ਉਸ ਨੂੰ ਉੱਥੋਂ ਚੁੱਕ ਕੇ ਗੁਰਦੁਆਰਾ ਜਨਮ ਅਸਥਾਨ ਦੇ ਨਾਲ ਖੜ੍ਹੇ ਜੰਡ ਨਾਲ ਨੂੜ ਦਿੱਤਾ ਗਿਆ ਤੇ ਫਿਰ ਮਿੱਟੀ ਦਾ ਤੇਲ ਪਾ ਕੇ ਉਸਨੂੰ ਜ਼ਿੰਦਾ ਜਲਾ ਦਿੱਤਾ ਗਿਆ।ਕੁਝ ਹੀ ਮਿੰਟਾਂ ਵਿੱਚ ਸਾਰੀਆਂ ਲਾਸ਼ਾ ਇੱਕੋ ਥਾਂ ਇਕੱਠੀਆਂ ਕਰਕੇ ਉੱਪਰ ਲੱਕੜਾਂ ਤੇ ਤੇਲ ਸੁੱਟ ਕੇ ਛੇਤੀ ਵਿੱਚ ਜਲਾ ਦਿੱਤਾ ਗਿਆ।ਇਹਨਾਂ ਜਲ ਰਹੀਆਂ ਲਾਸ਼ਾਂ ਦੇ ਢੇਰ ਵਿੱਚ ਕਈ ਸਿੰਘ ਹਾਲੇ ਸਹਿਕ ਵੀ ਰਹੇ ਸਨ।

ਕਿਹਾ ਜਾਂਦਾ ਹੈ ਕਿ ਉਸ ਵਕਤ 20 ਫਰਵਰੀ ਨੂੰ ਗੁਰੂ ਹਰਿ ਰਾਇ ਸਾਹਿਬ ਦਾ ਅਵਤਾਰ ਦਿਹਾੜਾ ਹੋਣ ਕਾਰਨ ਕੁਝ ਸਰਧਾਲੂ ਜਨਮ ਅਸਥਾਨ ਦੇ ਦਰਸ਼ਨ ਕਰਨ ਵੀ ਆਏ ਹੋਏ ਸਨ, ਉਹ ਵੀ ਮੌਤ ਦੇ ਇਸ ਤਾਂਡਵ ਦਾ ਸ਼ਿਕਾਰ ਹੋ ਗਏ। ਇਸ ਕਰਕੇ ਇਸ ਸਾਕੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਦਾ ਅੱਜ ਤੱਕ ਵੀ ਸਹੀ ਅੰਕੜਾ ਜੁਟਾਇਆ ਨਹੀਂ ਜਾ ਸਕਿਆ।ਅੰਗਰੇਜ਼ ਸਰਕਾਰ ਨੇ ਇਸ ਸਾਕੇ ਚ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ੧੨੬ ਦੱਸੀ ਜਦ ਕਿ ਉਸ ਵਕਤ ਦੇ ਇੰਸਪੈਕਟਰ ਬਚਨ ਸਿੰਘ ਨੇ ਆਪਣੀ ਰਿਪੋਰਟ ਵਿਚ ਇਹ ਗਿਣਤੀ ੧੫੬ ਦੱਸੀ ਹੈ।ਨਨਕਾਣਾ ਸਾਹਿਬ ਕਮੇਟੀ ਨੇ ਆਪਣੇ ਸ਼ਹੀਦ ਹੋਏ ੮੬ ਸਿੰਘਾਂ ਦਾ ਵੇਰਵਾ ਦਿੱਤਾ ਹੈ।ਕੁਝ ਵੀ ਹੋਵੇ, ਇਹ ਸਾਕਾ ਬ੍ਰਿਟਿਸ਼ ਸ਼ਾਸਨ ਕਾਲ ਵਿੱਚ ਵਾਪਰੇ ਭਿਆਨਕ ਸਾਕਿਆਂ ਵਿੱਚੋਂ ਜਲ੍ਹਿਆਂ ਵਾਲੇ ਬਾਗ ਤੋਂ ਬਾਦ ਐਸਾ ਦੂਸਰਾ ਸਾਕਾ ਮੰਨਿਆ ਜਾਂਦਾ ਹੈ ਜਿਸ ਵਿੱਚ ਅੰਗਰੇਜ਼ ਸ਼ਾਸਨ ਦੀ ਮਿਲੀ-ਭੁਗਤ ਸਦਕਾ ਏਨੀਆ ਜਾਨਾਂ ਨਿਛਾਵਰ ਹੋਈਆਂ।

ਜਿਉਂ ਹੀ ਦਿਨ ਚੜ੍ਹਿਆ ਤਾਂ ਨਰੈਣੂ ਮਹੰਤ ਦੀ ਇਸ ਕਰਤੂਤ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ। ਪੰਜਾਬ ਦੇ ਕੋਨੇ-ਕੋਨੇ ਚੋਂ ਸਿੰਘਾਂ ਨੇ ਨਨਕਾਣਾ ਸਾਹਿਬ ਵੱਲ ਕੂਚ ਕਰਨਾ ਸ਼ੁਰੂ ਕਰ ਦਿੱਤਾ।ਅਗਲੇ ਦਿਨ ਜਥੇਦਾਰ ਕਰਤਾਰ ਸਿੰਘ ਝੱਬਰ ਵੀ ਹਥਿਆਰਾਂ ਨਾਲ ਲੈਸ ੨੨੦੦ ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚ ਗਏ। ਪੰਜਾਬ ਦਾ ਅਮਨ-ਕਾਨੂੰਨ ਵਿਗੜਦਾ ਦੇਖਦਿਆਂ ਅੰਗਰੇਜ਼ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਲਾਹੌਰ ਦੇ ਕਮਿਸ਼ਨਰ ਮਿਸਟਰ ਕਿੰਗ ਨੇ ਨਰੈਣੂ ਮਹੰਤ ਸਮੇਤ ਉਹਦੇ ਬਹੁਤ ਸਾਰੇ ਗੁੰਡਿਆਂ ਨੂੰ ਗ੍ਰਿਫਤਾਰ ਕਰ ਲਿਆ ਤੇ ਨਨਕਾਣਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤੀਆਂ।ਨਰੈਣੂ ਮਹੰਤ ਕੁਝ ਸਾਲ ਦੀ ਸਜ਼ਾ ਕੱਟ ਕੇ ਰਿਹਾਅ ਹੋ ਗਿਆ।ਜਦ ਬੱਬਰ ਅਕਾਲੀ ਲਹਿਰ ਚੱਲੀ ਤਾਂ ਬੱਬਰਾਂ ਨੇ ਇਸ ਨੂੰ ਮੌਤ ਦੇ ਘਾਟ ਉਤਾਰ ਕੇ ਉਸ ਦੀ ਕਰਣੀ ਦਾ ਫਲ ਭੁਗਤਾਅ ਦਿੱਤਾ।

ਇਸ ਪ੍ਰਕਾਰ ਨਨਕਾਣੇ ਸਾਹਿਬ ਦੇ ਸਾਕੇ ਨੇ ਮਹੰਤ-ਗਿਰੀ ਦੀਆਂ ਨੀਹਾਂ ਹਿਲਾ ਕੇ ਰੱਖ ਦਿੱਤੀਆਂ ਤੇ ਬਾਅਦ ਵਿੱਚ ਬਹੁਤ ਸਾਰੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਆ ਗਿਆ। ਸੇਵਾ -ਸੰਭਾਲ ਦੇ ਨਾਂ ਤੇ ਗੁਰਦੁਆਰਾ ਪ੍ਰਬੰਧ ਉੱਪਰ ਕਾਬਜ਼ ਧਿਰਾਂ ਨੂੰ ਅੱਜ ਅੰਤਰ-ਝਾਤ ਮਾਰਨ ਦੀ ਅਤਿਅੰਤ ਜ਼ਰੂਰਤ ਹੈ।ਉਹ ਲਛਮਣ ਸਿੰਘ ਧਾਰੋਵਾਲੀ ਤੇ ਸ: ਟਹਿਲ ਸਿੰਘ ਜਿਹੇ ਯੋਧਿਆਂ ਦੀ ਕਰਬਾਨੀ ਨੂੰ ਹਮੇਸ਼ਾ ਅੰਗ-ਸੰਗ ਮਹਿਸੂਸ ਕਰਦਿਆਂ ਕਦੇ ਵੀ ਕੋਈ ਐਸਾ ਕਾਰਾ ਨਾ ਕਰਨ ਜਿਸ ਨਾਲ ਉਹਨਾਂ ਮਰਜੀਵੜਿਆਂ ਦੀ ਰੂਹ ਨੂੰ ਦੁਬਾਰਾ ਦੁੱਖ ਪਹੁੰਚੇ।

**ਡਾ. ਅਮਰੀਕ ਸਿੰਘ**
ਸ਼ੇਰ ਖਾਂ
ਪਿੰਡ ਤੇ ਡਾ: ਸ਼ੇਰ ਖਾਂ
(ਫਿਰੋਜ਼ਪੁਰ)
ਮੋਬਾ:98157-58466










# ਬਟੂਆ ਗੀਤ ਨਾਲ ਬਟੂਏ ਖਾਲੀ ਕਰਵਾਉਣ ਵਾਲਾ : ਲਾਭ ਚਤਾਮਲੀ ਵਾਲਾ



ਕਾਲਾ ਸਿੰਘ ਸੈਣੀ,
ਮੋਬਾ:99882-80386

ਨਿੱਗਰ ਤੇ ਮਿਆਰੀ ਸੋਚ ਦਾ ਨਾਂ ਹੈ ਗੀਤਕਾਰ ਲਾਭ ਚਤਾਮਲੀ ਵਾਲਾ। ਜਿਲ੍ਹਾ ਰੋਪੜ ਦੇ ਪਿੰਡ ਚਤਾਮਲੀ ਵਿਖੇ ਪਿਤਾ ਸਵ.ਰਾਮ ਸਿੰਘ ਅਤੇ ਮਾਤਾ ਸਵ.ਰਲੀ ਕੌਰ ਦਾ ਪੁੱਤਰ ਲਾਭ ਸਿੰਘ। ਗੀਤ ਸੰਗੀਤ ਦੀ ਦੁਨੀਆਂ 'ਚ ਉਸ ਨੇ ਬਤੌਰ ਗੀਤਕਾਰ ਪਛਾਣ ਬਣਾਈ ਹੈ ਉਸ ਦੇ ਨਾਲ ਹੀ ਬਤੌਰ ਅਦਾਕਾਰ ਉਸ ਨੇ ਪੰਜਾਬੀ ਸਿਨੇਮੇ ਦੀਆਂ ਕਈ ਹਿੱਟ ਚੋਣਵੀਆਂ ਫਿਲਮਾਂ 'ਚ ਵੀ ਕੀਤੀਆਂ ਹਨ। ਸਕੂਲ ਦੀਆਂ ਬਾਲ ਸਭਾਵਾਂ 'ਚ ਉਸ ਨੂੰ ਜਿੱਥੇ ਗਾਉਂਣ ਦਾ ਮੌਕਾ ਮਿਲਦਾ ਉਸ ਦੇ ਨਾਲ ਹੀ ਅਧਿਆਪਕਾ ਵਲੋਂ ਹੱਲਾਸੇਰੀ ਵੀ ਮਿਲਦੀ। ਗੀਤਕਾਰੀ ਦਾ ਰੰਗ ਉਸ ਨੂੰ ਕੋਠਿਆਂ ਦੇ ਬਨੇਰਿਆਂ 'ਤੇ ਲਾਊਡ ਸਪੀਕਰਾਂ ਵਿੱਚ ਵੱਜਦੇ ਉਸਤਾਦ ਲਾਲ ਚੰਦ ਯਮਲਾ ਜੱਟ,ਹਰਚਰਨ ਗਰੇਵਾਲ, ਮੁਹੰਮਦ ਸਦੀਕ, ਸੁਰਿੰਦਰ ਕੌਰ ਦੇ ਗੀਤਾਂ ਨੂੰ ਸੁਣ-ਸੁਣ ਚੜ੍ਹਿਆਂ ਹੈ। ਸ਼ਬਦ ਬੁਣਦਾ-ਬੁਣਦਾ ਲੋਕ ਗੀਤਾਂ ਵਰਗੀਆਂ ਸਤਰਾਂ ਦਾ ਸਿਰਜਣਹਾਰ ਬਣ ਗਿਆ। ਆਪਣੇ ਨਾਂ ਨਾਲ ਪਿੰਡ ਦਾ ਨਾਂ ਲਿਖ ਕੇ ਆਪਣੀ ਜਨਮ ਭੋਇੰ ਦੀ ਮਿਟੀ ਨੂੰ ਭੁਲਾਇਆ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ ਤੱਕ ਨਾਂ ਰੌਸ਼ਨ ਕੀਤਾ ਹੈ।

ਉਸ ਦਾ ਪਹਿਲਾ ਦੋਗਾਣਾ ਗੀਤ 'ਦਿਲ ਨੀਂ ਲੱਗਦਾ ਦੋ-ਦੋ ਵੇਲੇ ਰੋਊਂ ਹਵੇਲੀ ਵੜ ਕੇ,ਵੈਰਨੇ ਨਾ ਜਾ ਨੀ ਨਾ ਜਾ ਪੇਕੇ ਲੜ ਕੇ' ਗਾਇਕ ਜੋੜੀ ਦਰਬਾਰਾ ਸਿੰਘ ਮਾਂਗਟ ਤੇ ਕਮਲਜੀਤ ਮਧੂ ਦੀ ਆਵਾਜ਼ ਵਿਚ ਗੀਤ ਰਿਕਰਡ ਕਰਵਾਇਆ। ਫਿਰ ਸਮਾਂ ਪਾ ਕੇ ਸੁਪਰ ਹਿੱਟ ਦੋਗਾਣਾ ਗੀਤ 'ਆਈ ਸ਼ਗਨਾਂ ਦੀ ਰਾਤ' ਜਦੋਂ ਮੁਹੰਮਦ ਸਦੀਕ ਤੇ ਸੁਰਿੰਦਰ ਕੌਰ ਦੀ ਆਵਾਜ਼ 'ਚ ਰਿਕਾਰਡ ਹੋਇਆ ਤਾਂ ਹਰ ਪਾਸੇ ਧੁੰਮਾਂ ਪੈ ਗਈਆਂ। ਗੀਤਕਾਰ ਲਾਭ ਚਤਾਮਲੀ ਵਾਲੇ ਦਾ ਨਾਂਅ ਰਾਤੋਂ-ਰਾਤ ਚਰਚਿਤ ਗੀਤਕਾਰਾਂ ਦੀ ਮੂਹਰਲੀ ਕਤਾਰ 'ਚ ਆ ਸਾਮਿਲ ਹੋਇਆ। ਗੀਤਕਾਰੀ ਖੇਤਰ 'ਚ ਫਿਰ ਉਸ ਦੇ ਲੋਕ ਮਨ੍ਹਾਂ ਨੂੰ ਮੋਹ ਜਾਣ ਵਾਲੇ ਲਫ਼ਜਾਂ ਨਾਲ ਸ਼ਿਗਾਰੇ ਸ਼ੈਕੜੇ ਹੀ ਸੋਲੋ ਤੇ ਦੋਗਾਣੇ ਗੀਤ ਲੋਕ ਗੀਤ ਰਿਕਾਰਡ ਹੋਏ। ਜਿਨ੍ਹਾਂ ਵਿਚ 'ਮੁੰਡਾ ਤੇਰਵੀਂ ਜਮਾਤ ਵਿਚ ਫੈਲ੍ਹ ਹੋ ਗਿਆ','ਪਿੰਡ ਪੇਕਿਆਂ ਦੇ ਕੁੜੀਆਂ ਕੁਆਰੀਆਂ ਸ਼ੁਕੀਨੀ ਵਿਚ ਨਹੀਂ ਸ਼ੋਹਦੀਆਂ','ਸਾਡੇ ਵੀਰ ਨੂੰ ਦਈ ਨਾਂ ਦੁੱਖ ਕੋਈ ਸਾਡੀ ਭਾਵੇਂ ਜਾਨ ਕੱਢ ਲੈ','ਤੇਰੇ ਗੋਰਿਆਂ ਹੱਥਾਂ ਦੀ ਮਹਿੰਦੀ','ਭਾਬੀਏ ਪਾ ਸੁਰਮਾਂ',ਜਦੋਂ ਦੀ ਗੱਡੀ ਨਵੀਂ ਪਾਈਏ..','ਲੋਭੀ ਦਾਜ ਦੇ ਨੇ ਬਹੁਤ ਸਤਾਉਂਦੇ ਔਖੇ ਹੋ ਗਏ ਦਿਨ ਕੱਟਣੈ','ਸੰਗਦੀ ਭਾਬੋ ਨੂੰ..','ਬਟੂਆਂ','ਨੱਚ ਮੇਲਣੈ ਨੀ ਗਿੱਧਾ ਪੈਂਦਾ ਜੋਰਾ ਤੇ',ਧੀ ਤੇਰੀ ਬਲੀ ਦਾਜ ਦੀ ਚੜ੍ਹ ਗਈ','ਲੋਕੋਂ ਸੁਰਮੇਂ ਉਮਰਾਂ ਥੋੜੀਆਂ ਪਾਇਆ ਕਰਦੇ ਨੇ'',ਆਦਿ ਗੀਤ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਤੇ ਗਾਇਕਾਵਾਂ ਮੁਹੰਮਦ ਸਦੀਕ, ਬੀਬਾ ਰਣਜੀਤ ਕੌਰ, ਮਰਹੂਮ ਗਾਇਕ ਸਰਦੂਲ ਸਿਕੰਦਰ, ਅਮਰ ਨੂਰੀ, ਸਤਵਿੰਦਰ ਬੁੱਗਾ, ਸਵ. ਸੁਰਜੀਤ ਬਿੰਦਰਖੀਆ, ਦੇਵਿੰਦਰ ਦਿਓਲ, ਸਤਵੀਰ ਢਿੱਲੋ, ਸਰਵਰ ਅਲੀ, ਸਤਵਿੰਦਰ ਨਾਗਰਾ (ਕਨੈਡਾ), ਸੁਰਿੰਦਰ ਬਾਵਾ ਸੁਚੇਤ ਬਾਲਾ, ਮਨਿੰਦਰ ਦਿਓਲ, ਭੁਪਿੰਦਰ ਗਿੱਲ-ਮਿਸ ਨੀਲਮ, ਰਣਜੀਤ ਤੇਜੀ, ਅਮਰੀਕਾ, ਸੁਨੀਤਾ ਭੱਟੀ, ਦੁਰਗਾ ਰੰਗੀਲਾ ਆਦਿ ਸ਼ੁਰੀਲੇ ਗਾਇਕਾ ਨੇ ਰਿਕਾਰਡ ਰੂਹ ਨਾਲ ਰਿਕਾਰਡ ਕਰਵਾਏ। ਧਾਰਮਿਕ ਗੀਤਾਂ ਨਾਲ ਵੀ ਲਾਭ ਚਤਾਮਲੀ ਨੇ ਅਣਛੋਹੇ ਇਤਿਹਾਸ ਜਾਣੂ ਕਰਵਾਉਣ ਦਾ ਉਪਰਾਲਾ ਕੀਤਾ ਹੈ। ਜਿਨ੍ਹਾਂ 'ਚ 'ਮਾਂ ਗੁਜਰੀ ਤੇਰੇ ਚੰਨ ਵਰਗਾ ਹੋਰ ਕੋਈ ਨਹੀਂ ਹੋ ਸਕਦਾ', 'ਤੂੰ ਮੇਰਾ ਰਾਖਾ ਸਭਨੀਂ ਥਾਈ','ਲੰਗਰ ਛਕ ਕੇ ਜਾਈਓ ਜੀ','ਸਾਰੀ ਦੁਨੀਆਂ 'ਤੇ ਰਾਜ ਖਾਲਸੇ ਦਾ ਹੋਊਗਾ','ਮਾਂ ਗੁਜਰੀ ਨੂੰ ਦੇਣ ਵਧਾਈਆਂ', 'ਸਿਫਤਾਂ ਸੁਣਾਉਂਦੇ ਸਵਈਏ ਤੇਰਿਆਂ',ਗੀਤ ਅਥਾਂਹ ਪਸੰਦ ਕੀਤੇ ਹਨ। ਤਵਿਆਂ ਵਾਗੇ ਯੁੱਗ ਤੋਂ ਸ਼ੁਰੂ ਹੋਇਆ ਉਸ ਦਾ ਇਹ ਸ਼ਾਨਦਾਰ ਸਫ਼ਰ ਡੀ.ਜੇ ਵਾਲੇ ਯੁੱਗ 'ਚ ਅੱਜ ਵੀ ਨਿਰੰਤਰ ਜਾਰੀ ਹੈ। ਉਸ ਦੇ ਗੀਤ ਅੱਜ ਵੀ ਵਿਆਹਾਂ 'ਚ ਵੱਜਦੇ ਡੀ.ਜੇ. ਤੇ ਨੱਚਣ ਵਾਲਿਆਂ 'ਚ ਪਹਿਲੀ ਪਸੰਦ ਬਣਏ ਹੋਏ ਹਨ।



ਗੀਤਕਾਰ ਲਾਭ ਚਤਾਮਲੀ ਵਾਲਾ।



ਦੋ ਪੰਜਾਬੀ ਫਿਲਮਾਂ 'ਚ ਵੱਖ-ਵੱਖ ਕਿਰਦਾਰਾਂ 'ਚ ਲਾਭ ਚਤਾਮਲੀ ਵਾਲਾ।

ਗੀਤਕਾਰੀ 'ਤੇ ਪੇਸ਼ਕਾਰੀ ਤੋਂ ਅੱਗੇ ਵਧਕੇ ਉਸ ਨੇ ਗਾਇਕੀ ਦੇ ਖੇਤਰ ਵਿਚ ਵੀ ਉਸ ਨੇ ਇੱਕ ਵੱਖਰੀ ਪਛਾਣ ਬਣਾਈ ਹੋਈ ਹੈ। ਪੰਜਾਬੀ ਸੱਭਿਆਚਾਰ ਮੇਲਿਆਂ ਦੀਆਂ ਸਟੇਜ਼ਾਂ 'ਤੇ ਸਾਫ-ਸੁਥਰੇ ਗੀਤਾਂ ਨਾਲ ਹਾਜ਼ਰੀ ਲਗਾਉਂਣ ਦੇ ਨਾਲ-ਨਾਲ ਜਲੰਧਰ ਦੂਰਦਰਸ਼ਨ ਦੇ ਲੋਕਪ੍ਰਿਆ ਪ੍ਰੋਗਰਾਮ 'ਲੋਕ ਸੁਰ' ਦੁਆਰਾ ਲੋਕ ਗਥਾਵਾਂ 'ਦਹੁਦ ਬਾਦਸ਼ਾਹ', 'ਦੁੱਲਾ' ਗਾ ਕੇ ਰੂ-ਬ-ਰੂ ਹੋਇਆ ਹੈ। ਲਾਭ ਚਤਾਮਲੀ ਦੀਆਂ ਕਈ ਪੁਸਤਕਾਂ 'ਸਿੱਖੀ ਸਾਡੀ ਸ਼ਾਨ','ਸਿੱਖੀ ਦਾ ਸਤਿਕਾਰ', 'ਤੂੰ ਮੇਰਾ ਰਾਖਾ', 'ਭਗਤ ਸਿੰਘ ਸੂਰਮੇਂ..', 'ਯੋਧੇ', 'ਵੇਖ ਕੇ ਸਵੇਰੇ ਜੀਜਾ', 'ਆਈ ਸ਼ਗਨਾਂ ਦੀ ਰਾਤ','ਵਹੁਟੀ ਮਿਲੀ ਚੰਨ ਵਰਗੀ', ਤੋਂ ਇਲਾਵਾਂ ਭਾਸ਼ਾ ਵਿਭਾਗ ਦੀ ਸਹਾਈਤਾ ਨਾਲ 'ਸਿੱਖੀ ਦਾ ਪੰਧ',' ਸਿੱਖੀ ਨਾਲ ਪਿਆਰ', ਪ੍ਰਕਾਸ਼ਿਤ ਹੋਈਆਂ ਹਨ ਜੋ ਕਿ ਉਸ ਦੀ ਲਿਖਾਰੀ ਸੋਚ ਦੀਆਂ ਸਬੂਤ ਹਨ। ਚੇਤਨਾ ਕਲਾ ਮੰਚ ਸ੍ਰੀ ਚਮਕੌਰ ਸਾਹਿਬ ਦੀ ਰੰਗਮੰਚ ਦੀ ਸਟੇਜ ਤੋਂ ਨਾਟਕ ਖੇਡਦੇ ਹੋਏ ਲਾਭ ਚਤਾਮਲੀ ਨੇ ਬਤੌਰ ਅਦਾਕਾਰ ਟੈਲੀਵੀਜ਼ਨ ਦੇ ਚਰਚਿਤ ਲੜੀਵਾਰ ਜੱਸੀ ਜੈਸੀ ਔਰ ਨਹੀਂ, ਹਿੰਦੀ, ਸੌਦੇ ਦਿਲਾਂ ਦੇ, ਅੱਖਿਆਂ ਤੋਂ ਦੂਰ ਜਾਈ ਨਾਂ, ਕੱਚ ਦੀਆਂ ਵੰਗਾਂ, ਅਤੇ ਪੰਜਾਬੀ ਟੈਲੀ ਫ਼ਿਲਮਾਂ ਕਰਜਾ, ਬਾਪੂ ਦੀ ਪੈਨਸ਼ਨ, ਫੌਜੀ ਦੀ ਫੈਮਿਲੀ-2, ਮਾਂ ਦਾ ਦਿਲ, ਆਦਿ ਫ਼ਿਲਮਾਂ ਵੀ ਕੀਤੀਆਂ ਹਨ। ਵੱਡੇ ਪਰਦੇ ਲਈ ਪੰਜਾਬੀ ਤੇ ਹਿੰਦੀ ਸਿਨੇਮੇ ਦੀਆਂ ਹਿੱਟ ਫ਼ਿਲਮਾਂ ਜਿਨ੍ਹਾਂ ਵਿਚ ਰਾਣੋ, ਗੁੱਡੋਂ, ਮੁੰਡੇ ਯੂ.ਕੇ.ਦੇ, ਮਿੱਟੀ, ਏਕਮ, ਅੰਨੇ ਘੋੜੇ ਦਾ ਦਾਨ (ਅਵਾਰਡ),ਯਾਰ ਨਾਲ ਬਹਾਰਾਂ2,ਨਾਬਰ (ਅਵਾਰਡ), ਜੱਟ ਐਂਡ ਜੂਲੀਅਟ, ਸਿੰਘ ਵਰਸ਼ਿਜ ਕੌਰ, ਰੰਗੀਲੇ, ਸੀ.ਐਮ.ਸਾਹਿਬ, ਰੁਪਿੰਦਰ ਗਾਂਧੀ, ਤੂਫਾਨ ਸਿੰਘ, ਭਲਵਾਨ ਸਿੰਘ, ਦੁੱਲਾ ਭੱਟੀ, ਲਕੀਰਾਂ, ਸੁਪਰ ਸਿੰਘ, ਜਿੰਦੂਆ,ਆਦਿ ਪੰਜਾਬੀ ਫ਼ਿਲਮਾਂ ਤੋਂ ਹਿੰਦੀ ਫ਼ਿਲਮਾਂ 'ਜਬ ਵੀ ਮੈਟ', 'ਬਿੱਟੂ ਬੋਸ਼', ਰਾਹੀ ਵੱਡੇ ਪਰਦੇ 'ਤੇ ਵੱਖ-ਵੱਖ ਕਿਰਦਾਰ ਨਿਭਾਏ ਹਨ। ਉਸ ਨੇ ਹਮੇਸ਼ਾਂ ਹੀ ਖ਼ੂਬਸੂਰਤ ਪਰਿਵਾਰਕ ਲੋਕ ਗੀਤ ਪੰਜਾਬੀਆਂ ਨੂੰ ਦਿੱਤੇ ਹਨ। ਪੰਜਾਬੀ ਮਾਂ-ਬੋਲੀ ਦੇ ਰੰਗ 'ਚ ਰੰਗੇ ਉਸ ਦੇ ਲੋਕ ਗੀਤ ਸਾਡੇ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਦੀ ਤਸਵੀਰ ਪੇਸ਼ ਕਰਦੇ ਹਨ। ਉਸ ਦੇ ਗੀਤਾਂ ਵਿੱਚਲਾ ਇਹ ਰੰਗ ਸਰੋਤਿਆਂ ਅਤੇ ਦਰਸ਼ਕਾਂ ਦੇ ਮਨ੍ਹਾਂ ਨੂੰ ਟੁੰਬਦਾ ਹੋਇਆ ਗੂੜਾ ਹੋ-ਹੋ ਚੜ੍ਹਦਾ ਹੈ। ਅਜੋਕੀ ਗੀਤਕਾਰੀ ਦੇ ਉਟ-ਪਟਾਂਗ ਵਿਸ਼ਿਆਂ ਤੋਂ ਚਿੰਤਤ ਲਾਭ ਚਤਾਮਲੀ ਵਾਲੇ ਨੇ ਆਪਣੀ ਕਲਮ ਨਾਲ ਹਮੇਸ਼ਾਂ ਹੀ ਸਮਾਜ ਨੂੰ ਨਰੋਈ ਸੇਧ ਦਾ ਹੋਕਾ ਦੇਣ ਦਾ ਉਪਰਾਲਾ ਕੀਤਾ ਹੈ।
















# ਬੈੱਲ ਮੀਡੀਆ ਮੁਲਾਜ਼ਮਾਂ ਦੀਆਂ ਛਾਂਟੀਆਂ ਦੇ ਨਾਲ ਨਾਲ 45 ਰੇਡੀਓ ਸਟੇਸ਼ਨ ਵੀ ਵੇਚੇਗਾ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀ ਸੀ ਈ ਇਨਕਾਰਪੋਰੇਸ਼ਨ ਵੱਲੋਂ ਆਪਣੀ ਵਰਕਫੋਰਸ ਦਾ ਨੌਂ ਫੀ ਸਦੀ ਹਿੱਸਾ ਛਾਂਗ ਦਿੱਤਾ ਗਿਆ ਹੈ ਤੇ 103 ਰੀਜਨਲ ਰੇਡੀਓ ਸਟੇਸ਼ਨਾਂ ਵਿੱਚੋਂ 45 ਨੂੰ ਕੰਪਨੀ ਵੇਚਣ ਜਾ ਰਹੀ ਹੈ। ਛਾਂਗੇ ਗਏ ਮੁਲਾਜ਼ਮਾਂ ਵਿੱਚ ਪੱਤਰਕਾਰਾਂ ਦੇ ਨਾਲ ਨਾਲ ਬੈੱਲ ਮੀਡੀਆ ਦੀ ਇਸ ਸਬਸਿਡਰੀ ਦੇ ਹੋਰ ਵਰਕਰ ਵੀ ਸ਼ਾਮਲ ਹਨ। ਭਾਵਿਤ ਸਟੇਸ਼ਨਾਂ ਵਿੱਚ ਬ੍ਰਿਟਿਸ਼ ਕੋਲੰਬੀਆ, ਓਨਟਾਰੀਓ, ਕਿਊਬਿਕ ਤੇ ਐਟਲਾਂਟਿਕ ਕੈਨੇਡਾ ਸ਼ਾਮਿਲ ਹਨ। ਕੰਪਨੀ ਨੇ ਇੱਕ ਖੁੱਲ੍ਹੇ ਪੱਤਰ, ਜਿਸ ਉੱਤੇ ਚੀਫ ਐਗਜ਼ੈਕਟਿਵ ਮਰਕੋ ਬਿਬਿਕ ਨੇ ਸਾਈਨ ਕੀਤੇ ਹੋਏ ਸਨ, ਰਾਹੀਂ ਐਲਾਨ ਕੀਤਾ ਕਿ ਕੰਪਨੀ ਦੇ ਹਰ ਪੱਧਰ ਤੋਂ 4800 ਨੌਕਰੀਆਂ ਕੱਟੀਆਂ ਜਾਣਗੀਆਂ। ਕੁੱਝ ਮੁਲਾਜ਼ਮਾਂ ਨੂੰ ਇਹ ਦੱਸ ਦਿੱਤਾ ਗਿਆ ਕਿ ਉਨ੍ਹਾਂ ਦੀ ਛਾਂਗੀ ਕੀਤੀ ਜਾ ਰਹੀ ਹੈ ਤੇ ਬਾਕੀ ਹੋਰਨਾਂ ਨੂੰ ਅੱਗੇ ਜਾਕੇ ਇਸ ਬਾਰੇ ਜਾਣਕਾਰੀ ਦੇ ਦਿੱਤੀ ਜਾਵੇਗੀ।

ਪਿਛਲੀ ਬਸੰਤ ਤੋਂ ਲੈ ਕੇ ਮੀਡੀਆ ਤੇ ਟੈਲੀਕਮਿਊਨਿਕੇਸ਼ਨਜ਼ ਕੰਪਨੀ ਵੱਲੋਂ ਕੀਤੀ ਗਈ ਇਹ ਦੂਜੀ ਵੱਡੀ ਛਾਂਗੀ ਹੈ। ਉਸ ਸਮੇਂ ਬੈੱਲ ਮੀਡੀਆ ਵੱਲੋਂ ਛੇ ਫੀ ਸਦੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਸੀ ਤੇ ਨੌਂ ਰੇਡੀਓ ਸਟੇਸ਼ਨ ਜਾਂ ਤਾਂ ਬੰਦ ਕਰ ਦਿੱਤੇ ਗਏ ਸਨ ਤੇ ਜਾਂ ਫਿਰ ਵੇਚ ਦਿੱਤੇ ਗਏ ਸਨ। ਬੈੱਲ ਮੀਡੀਆ ਦੇ ਪ੍ਰੈਜ਼ੀਡੈਂਟ ਸ਼ਾਨ ਕੋਹਨ ਨੇ ਇੱਕ ਵੱਖਰੇ ਅੰਤਰਿਮ ਬਿਆਨ ਵਿੱਚ ਆਖਿਆ ਕਿ ਕੰਪਨੀ ਆਪਣੇ 45 ਰੇਡੀਓ ਸਟੇਸ਼ਨਾਂ ਨੂੰ ਸੱਤ ਖਰੀਦਦਾਰਾਂ, ਵਿਸਟਾ ਰੇਡੀਓ ਵ੍ਹਾਈਟਓਕਸ, ਦਰਹਾਮ ਰੇਡੀਓ, ਮਾਇ ਬ੍ਰੌਡਕਾਸਟਿੰਗ ਕਾਰਪੋਰੇਸ਼ਨ, ਜ਼ੂਮਰ ਮੀਡੀਆ, ਆਰਸਨਲ ਮੀਡੀਆ ਤੇ ਮੈਰੀਟਾਈਮ ਬ੍ਰੌਡਕਾਸਟਿੰਗ ਨੂੰ ਵੇਚਣ ਦਾ ਇਰਾਦਾ ਰੱਖਦੀ ਹੈ।

ਬੈੱਲ ਦੇ ਚੀਫ ਲੀਗਲ ਐਂਡ ਰੈਗੂਲੇਟਰੀ ਆਫੀਸਰ ਰੌਬਰਟ ਮੈਲਕੌਮਸਨ ਨੇ ਆਖਿਆ ਕਿ ਹੁਣ ਇਹ ਫਾਇਦੇ ਦਾ ਸੌਦਾ ਨਹੀਂ ਰਿਹਾ।ਬੈੱਲ ਮੀਡੀਆ ਰੇਡੀਓ ਸਟੇਸ਼ਨ ਹੇਠ ਲਿਖੇ ਅਨੁਸਾਰ ਵੇਚੇ ਜਾਣਗੇ :

CHOR, Summerland, B.C. (iVsta Raido)
CJAT, Trial, B.C. (iVsta Raido)
CKKC, Nelson, B.C. (iVsta Raido)
CKGR, Golden, B.C. (iVsta Raido)
CKXR, Salmon Arm, B.C. (iVsta Raido)
CKCR, Revelstoke, B.C. (iVsta Raido)
CJMG, Penitcton, B.C. (iVsta Raido)
CKOR, Penitcton, B.C. (iVsta Raido)
CJOR, Osoyoos, B.C. (iVsta Raido)
CICF, Vernon, B.C. (iVsta Raido)
CHSU, Kelowna, B.C. (iVsta Raido)
CILK, Kelowna, B.C. (iVsta Raido)
CKFR, Kelowna, B.C. (iVsta Raido)
CKNL, Fort St. John, B.C. (iVsta Raido)
CHRX, Fort St. John, B.C. (iVsta Raido)
CJDC, Dawson Creek, B.C. (iVsta Raido)
CKRX, Fort Nelson, B.C. (iVsta Raido)
CFTK, Terrace, B.C. (iVsta Raido)
CJFW, Terrace, B.C. (iVsta Raido)
CHTK, Pirnce Rupert, B.C. (iVsta Raido)
CKTK, iKitmat, B.C. (iVsta Raido)
CKLH, Haimlton, Ont. (Wihteoaks)
CHRE, St. Cathairnes, Ont. (Wihteoaks)
CHTZ, St. Cathairnes, Ont. (Wihteoaks)
CKTB, St. Cathairnes, Ont. (Wihteoaks)
CKLY, iLndsay, Ont. (Durham Raido)
CKPT, Peterborough, Ont. (Durham Raido)
CKQM, Peterborough, Ont. (Durham Raido)
CFJR, Brockivlle, Ont. (My Broadcasitng Corporaiton)
CJPT, Brockivlle, Ont. (My Broadcasitng Corporaiton)
CFLY, iKngston, Ont. (My Broadcasitng Corporaiton)
CKLC, iKngston, Ont. (My Broadcasitng Corporaiton)
CJOS, Owen Sound, Ont. (ZoomerMeida)
CHRD, Drummondivlle, Que. (Arsenal Meida)
CJDM, Drummondivlle, Que. (Arsenal Meida)
CFEI, St-Hyaicnthe, Que. (Arsenal Meida)
CFZZ, St-Jean-Suri-Rcheileu, Que. (Arsenal Meida)
CIKI,i Rmousik, Que. (Arsenal Meida)
CJOI,i Rmousik, Que. (Arsenal Meida)
CFVM, Amqiu, Que. (Arsenal Meida)
CIKX, Grand Falls, N.B. (Mairitme Broadcasitng)
CJCJ, Woodstock, N.B. (Mairitme Broadcasitng)
CKBC, Bathurst, N.B. (Mairitme Broadcasitng)
CKTO, Truro, N.S. (Mairitme Broadcasitng)
CKTY, Truro, N.S. (Mairitme Broadcasitng)

# ਇੰਟਰਨੈਸ਼ਨਲ ਵਿਦਿਆਰਥੀਆਂ ਦੇ ਕੰਮ ਦੀ ਹੱਦ ਵਿੱਚ ਕੀਤੇ ਵਾਧੇ ਨਾਲ ਪ੍ਰੋਗਰਾਮ ਕਮਜ਼ੋਰ ਪੈਣ ਦੀ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 2022 ਵਿੱਚ ਪਬਲਿਕ ਸਰਵੈਂਟਸ ਨੇ ਫੈਡਰਲ ਸਰਕਾਰ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ 20 ਘੰਟੇ ਤੋਂ ਵੱਧ ਕੰਮ ਕਰਨ ਦੀ ਇਜਾਜ਼ਤ ਦੇਣ ਨਾਲ ਉਨ੍ਹਾਂ ਦਾ ਧਿਆਨ ਪੜ੍ਹਾਈ ਤੋਂ ਭਟਕੇਗਾ ਤੇ ਇਸ ਨਾਲ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਦਾ ਮੰਤਵ ਵੀ ਕਮਜ਼ੋਰ ਪੈ ਜਾਵੇਗਾ।

ਇਸ ਸਬੰਧ ਵਿੱਚ ਜਾਰੀ ਮੈਮੋਰੰਡਮ ਵਿੱਚ ਆਖਿਆ ਗਿਆ ਕਿ ਕੈਪ ਹਟਾਉਣ ਨਾਲ ਲੇਬਰ ਦੀ ਘਾਟ ਘੱਟ ਜਾਵੇਗੀ ਪਰ ਇਸ ਨਾਲ ਕਈ ਹੋਰ ਅਣਚਾਹੇ ਨਤੀਜੇ ਨਿਕਲ ਸਕਦੇ ਹਨ। ਇਸ ਮੀਮੋ ਵਿੱਚ ਆਖਿਆ ਗਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਦੇ ਕੰਮ ਵਾਲੇ ਘੰਟਿਆਂ ਵਿੱਚ ਕੀਤੇ ਜਾਣ ਵਾਲੇ ਆਰਜ਼ੀ ਵਾਧੇ ਨਾਲ ਜਿੱਥੇ ਵਿਦਿਆਰਥੀ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ ਤੇ ਇਸ ਨਾਲ ਲੇਬਰ ਦੀ ਘਾਟ ਖ਼ਤਮ ਹੋ ਸਕਦੀ ਹੈ ਪਰ ਇਸ ਨਾਲ ਇੰਟਰਨੈਸ਼ਨਲ ਵਿਦਿਆਰਥੀਆਂ ਦਾ ਪੜ੍ਹਾਈ ਦਾ ਟੀਚਾ ਅਧਵਾਟੇ ਰਹਿ ਜਾਵੇਗਾ ਤੇ ਉਨ੍ਹਾਂ ਦਾ ਬਹੁਤਾ ਧਿਆਨ ਕੰਮ ਵੱਲ ਹੋ ਜਾਵੇਗਾ। ਇਸ ਦੇ ਨਾਲ ਹੀ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮਜ਼ ਵਿੱਚ ਵੀ ਖੜੋਤ ਆ ਜਾਵੇਗੀ।

ਪਿਛਲੇ ਕੁੱਝ ਮਹੀਨਿਆਂ ਤੋਂ ਕੈਨੇਡਾ ਦੇ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਦਾ ਬਰੀਕੀ ਨਾਲ ਮੁਲਾਂਕਣ ਕੀਤਾ ਜਾ ਰਿਹਾ ਸੀ। ਕੁੱਝ ਆਲੋਚਕਾਂ ਮੁਤਾਬਕ ਲਿਬਰਲਾਂ ਦੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਇੱਕ ਤਾਂ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ ਤੇ ਇਸ ਨਾਲ ਦੇਸ਼ ਦੀ ਹਾਊਸਿੰਗ ਦੀ ਸਮੱਸਿਆ ਵਿੱਚ ਵੀ ਵਾਧਾ ਦਰਜ ਕੀਤਾ ਗਿਆ ਹੈ।ਇਸ ਮੁਲਾਂਕਣ ਤੋਂ ਬਾਅਦ ਹੀ ਅਗਲੇ ਦੋ ਸਾਲਾਂ ਲਈ ਫੈਡਰਲ ਸਰਕਾਰ ਨੇ ਸਟੱਡੀ ਪਰਮਿਟਸ ਉੱਤੇ ਕੁੱਝ ਹੱਦ ਤੱਕ ਰੋਕ ਲਾਈ ਹੈ।ਸਰਕਾਰ ਇਸ ਪ੍ਰੋਗਰਾਮ ਨੂੰ ਸਹੀ ਢੰਗ ਨਾਲ ਚਲਾਉਣਾ ਚਾਹੁੰਦੀ ਹੈ।

ਫਰੇਜ਼ਰ ਨੇ ਅਕਤੂਬਰ 2022 ਵਿੱਚ ਐਲਾਨ ਕੀਤਾ ਸੀ ਕਿ ਫੈਡਰਲ ਸਰਕਾਰ 2023 ਦੇ ਅੰਤ ਤੱਕ ਇਨ੍ਹਾਂ ਪਾਬੰਦੀਆਂ ਨੂੰ ਨਹੀਂ ਸਵੀਕਾਰੇਗੀ ਤਾਂ ਕਿ ਲੇਬਰ ਦੀ ਘਾਟ ਨੂੰ ਖ਼ਤਮ ਕੀਤਾ ਜਾ ਸਕੇ। ਇਹ ਅਸਵੀਕ੍ਰਿਤੀ ਉਨ੍ਹਾਂ ਵਿਦਿਆਰਥੀਆਂ ਉੱਤੇ ਲਾਗੂ ਹੁੰਦੀ ਹੈ ਜਿਹੜੇ ਦੇਸ਼ ਵਿੱਚ ਮੌਜੂਦ ਹਨ ਜਾਂ ਜਿਨ੍ਹਾਂ ਨੇ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ। ਸਰਕਾਰ ਅਜਿਹਾ ਸਿਰਫ ਇਸ ਲਈ ਕਰਨਾ ਚਾਹੁੰਦੀ ਸੀ ਤਾਂ ਕਿ ਵਿਦੇਸ਼ੀ ਨਾਗਰਿਕ ਕੈਨੇਡਾ ਵਿੱਚ ਸਿਰਫ ਕੰਮ ਕਰਨ ਲਈ ਹੀ ਸਟੱਡੀ ਪਰਮਿਟ ਹਾਸਲ ਨਾ ਕਰੀ ਜਾਣ। ਦਸੰਬਰ ਵਿੱਚ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇਸ ਨੀਤੀ ਵਿੱਚ 30 ਅਪਰੈਲ, 2024 ਤੱਕ ਵਾਧਾ ਕੀਤਾ ਤੇ ਫਿਰ ਉਸ ਤੋਂ ਬਾਅਦ ਹਫਤੇ ਦੇ 30 ਘੰਟੇ ਕੰਮ ਕਰਨ ਦੀ ਖੁੱਲ੍ਹ ਦੇਣ ਦਾ ਫੈਸਲਾ ਕੀਤਾ। ਇੱਕ ਇੰਟਰਵਿਊ ਵਿੱਚ ਮਿਲਰ ਨੇ ਆਖਿਆ ਕਿ ਉਨ੍ਹਾਂ ਇਸ ਫੈਸਲੇ ਵਿੱਚ ਵਾਧਾ ਇਸ ਲਈ ਕੀਤਾ ਕਿਉਂਕਿ ਉਹ ਅਕਾਦਮਿਕ ਵਰ੍ਹੇ ਦੇ ਦਰਮਿਆਨ ਵਿਦਿਆਰਥੀਆਂ ਦੇ ਕੰਮ ਸਬੰਧੀ ਪ੍ਰਬੰਧਾਂ ਵਿੱਚ ਦਖ਼ਲ ਨਹੀਂ ਦੇਣਾ ਚਾਹੁੰਦੇ। ਮਿਲਰ ਨੇ ਆਖਿਆ ਕਿ ਇਸ ਸਮੇਂ 80 ਫੀ ਸਦੀ ਇੰਟਰਨੈਸ਼ਨਲ ਵਿਦਿਆਰਥੀ ਹਫਤੇ ਦੇ 20 ਘੰਟੇ ਤੋਂ ਵੱਧ ਕੰਮ ਕਰ ਰਹੇ ਹਨ।

# ਨਿਰਸਵਾਰਥ ਸੇਵਾ - ਛੇ ਮਹੀਨਿਆਂ ਤੋਂ ਸੜਕ ਵਿਚਾਲੇ ਪਏ ਬਿਲਕਦੇ ਬੇਘਰ ਮਰੀਜ਼ ਨੂੰ ਪਹੁੰਚਾਇਆ ਆਸ਼ਰਮ



ਕੁੱਝ ਦਿਨ ਪਹਿਲਾਂ ਸਰਾਭਾ ਆਸ਼ਰਮ ਦੇ ਫ਼ਾਊਂਡਰ ਡਾ.ਨੌਰੰਗ ਸਿੰਘ ਮਾਂਗਟ ਲਾਵਾਰਸ-ਬੇਘਰ ਮਰੀਜ਼ਾਂ ਦੀ ਭਾਲ 'ਚ ਜਦੋਂ ਲੁਧਿਆਣਾ ਸ਼ਹਿਰ 'ਚ ਘੁੰਮ ਰਹੇ ਸੀ ਤਾਂ ਉਹਨਾਂ ਦੀ ਨਜ਼ਰ ਇੱਕ ਅਜਿਹੇ ਮਰੀਜ਼ 'ਤੇ ਪਈ ਜੋ ਕਿ ਰੋ ਰਿਹਾ ਸੀ। ਇਹ ਮਰੀਜ਼ ਗੰਦੇ ਨਾਲ਼ੇ ਕੋਲ ਲੁਧਿਆਣਾ ਫਲਾਈ ਓਵਰ ਦੇ ਥੱਲੇ ਸੜਕ ਵਿਚਾਲੇ ਪਿਆ ਸੀ। ਇਸ ਮਰੀਜ਼ ਨਾਲ ਗੱਲ-ਬਾਤ ਕਰਨ ਤੋਂ ਪਤਾ ਲੱਗਿਆ ਕਿ ਇਸਦਾ ਨਾਂ ਰਵਿੰਦਰ ਕੁਮਾਰ ਹੈ ਅਤੇ ਯੂ.ਪੀ. ਦਾ ਰਹਿਣ ਵਾਲਾ ਹੈ। ਇਸਦੀ ਖੱਬੀ ਲੱਤ 'ਤੇ ਕਈ ਵੱਡੇ-ਵੱਡੇ ਜ਼ਖਮ ਸਨ ਅਤੇ ਪੀਲੀਏ ਦੀ ਬਿਮਾਰੀ ਤੋਂ ਵੀ ਪੀੜਤ ਸੀ। ਇਸਦਾ ਕੋਈ ਪਰਿਵਾਰ ਨਹੀਂ ਹੈ। ਇਸ ਮਰੀਜ਼ ਨੇ ਦੱਸਿਆ ਕਿ ਉਹ ਤਕਰੀਬਨ 15 ਸਾਲਾਂ ਤੋਂ ਲੁਧਿਆਣਾ ਅਤੇ ਨਜ਼ਦੀਕ ਦੇ ਇਲਾਕਿਆਂ ਵਿੱਚ ਵੇਟਰ ਦਾ ਕੰਮ ਕਰਦਾ ਸੀ। ਦੋ-ਤਿੰਨ ਸੌ ਰੁਪਏ ਦਿਹਾੜੀ ਮਿਲ ਜਾਂਦੀ ਸੀ ਜਿਸ ਨਾਲ ਆਪਣਾ ਰੋਟੀ-ਪਾਣੀ ਖਾ ਕੇ ਗੁਜ਼ਾਰਾ ਕਰਦਾ ਸੀ। ਰਹਿਣ ਲਈ ਕੋਈ ਜਗ੍ਹਾ ਨਾ ਹੋਣ ਕਰਕੇ ਕਦੇ ਫੁੱਟ-ਪਾਥ 'ਤੇ, ਕਦੇ ਰੇਲਵੇ ਸਟੇਸ਼ਨ ਦੇ ਬਾਹਰ ਪਿਆ ਰਹਿੰਦਾ ਸੀ।

ਸੱਤ-ਅੱਠ ਮਹੀਨੇ ਪਹਿਲਾਂ ਪੈਰ ਉੱਪਰ ਸੱਟ ਲੱਗਣ ਕਰਕੇ ਕੰਮ-ਕਾਰ ਕਰਨਾ ਔਖਾ ਹੋ ਗਿਆ। ਲੁਧਿਆਣਾ ਸ਼ਹਿਰ ਦੇ ਗੰਦੇ ਨਾਲੇ ਕੋਲ ਬਣੇ ਫਲਾਈ ਓਵਰ ਦੇ ਥੱਲੇ ਪੱਕਾ ਡੇਰਾ ਲਾ ਲਿਆ। ਹਰ ਸਮੇਂ ਗੰਦਗੀ ਵਿੱਚ ਪਏ ਰਹਿਣ ਨਾਲ ਜਖਮਾਂ ਵਿੱਚ ਇਨਫੈਕਸ਼ਨ ਫੈਲ ਗਈ। ਜਖਮਾਂ ਵਿੱਚੋਂ ਪੀਕ ਤੇ ਪਾਣੀ ਨਿਕਲਣਾ ਸ਼ੁਰੂ ਹੋ ਗਿਆ। ਚੱਲਣਾ-ਫਿਰਨਾ ਔਖਾ ਹੋ ਗਿਆ, ਲੈਟਰੀਨ-ਬਾਥਰੂਮ ਵੀ ਵਿੱਚ ਹੀ ਕਰਨ ਲੱਗ ਪਿਆ। ਰੋਟੀ-ਪਾਣੀ ਜੇਕਰ ਕੋਈ ਤਰਸ ਖਾ ਕੇ ਦੇ ਦਿੰਦਾ ਤਾਂ ਖਾ ਲੈਂਦਾ, ਨਹੀਂ ਤਾਂ ਭੁੱਖਾ ਪਿਆਸਾ ਮੀਂਹ-ਹਨ੍ਹੇਰੀ, ਗਰਮੀ-ਸਰਦੀ 'ਚ ਉੱਥੇ ਹੀ ਪਿਆ ਰਹਿੰਦਾ।

ਇਸਦੀ ਦੀ ਹਾਲਤ ਨੂੰ ਦੇਖਦੇ ਹੋਏ ਆਸ਼ਰਮ ਦੇ ਫ਼ਾਊਂਡਰ ਡਾ.ਨੌਰੰਗ ਸਿੰਘ ਮਾਂਗਟ ਤੇ ਸੇਵਾਦਾਰ ਪ੍ਰੇਮ ਸਿੰਘ ਇਸਨੂੰ ਸਰਾਭਾ ਪਿੰਡ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਲੈ ਆਏ। ਇੱਥੇ ਪਹੁੰਚਣ ਤੋਂ ਬਾਅਦ ਆਸ਼ਰਮ ਦੇ ਸੇਵਾਦਾਰਾਂ ਵੱਲੋਂ ਇਸਨੂੰ ਇਸ਼ਨਾਨ ਕਰਾਇਆ ਗਿਆ, ਪ੍ਰਸ਼ਾਦਾ ਛਕਾਇਆ ਗਿਆ, ਸੌਣ ਲਈ ਬਿਸਤਰਾ ਦਿੱਤਾ ਗਿਆ। ਆਸ਼ਰਮ ਦੇ ਡਾਕਟਰ ਵੱਲੋਂ ਇਸਦੇ ਜ਼ਖ਼ਮਾਂ ਨੂੰ ਸਾਫ ਕਰਕੇ ਮਲ੍ਹਮ-ਪੱਟੀ ਕੀਤੀ ਗਈ, ਲੋੜੀਂਦੀ ਦਵਾਈ ਦਿੱਤੀ ਗਈ ਅਤੇ ਸਾਰੇ ਲੋੜੀਂਦੇ ਮੈਡੀਕਲ ਟੈਸਟ ਵੀ ਕਰਾਏ ਗਏ। ਆਸ਼ਰਮ ਵਿੱਚ ਆ ਕੇ ਇਸਨੇ ਬਹੁਤ ਚੰਗਾ ਮਹਿਸੂਸ ਕੀਤਾ। ਉਮੀਦ ਹੈ ਕਿ ਇਹ ਮਰੀਜ਼ ਜਲਦੀ ਹੀ ਠੀਕ ਹੋ ਜਾਵੇਗਾ ਅਤੇ ਆਸ਼ਰਮ 'ਚ ਰਹਿ ਰਹੇ ਦੂਸਰੇ ਮਰੀਜ਼ਾਂ ਦੀ ਸੇਵਾ ਕਰੇਗਾ। ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਸੰਸਥਾ ਵੱਲੋਂ ਪਿਛਲੇ 19 ਸਾਲਾਂ ਦੌਰਾਨ ਸੈਂਕੜੇ ਹੀ ਅਜਿਹੇ ਬਿਮਾਰ ਲਾਵਾਰਸ ਵਿਅਕਤੀਆਂ ਨੂੰ ਸੜਕਾਂ ਤੋਂ ਚੁੱਕ ਕੇ ਨਵੀਂ ਜ਼ਿੰਦਗੀ ਪਰਦਾਨ ਕੀਤੀ ਗਈ ਹੈ। ਇਸ ਆਸ਼ਰਮ ਵਿੱਚ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਦੋ ਸੌ (200) ਦੇ ਕਰੀਬ ਮਰੀਜ਼ ਹਮੇਸ਼ਾਂ ਹੀ ਰਹਿੰਦੇ ਹਨ। ਇਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵੱਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਲੋਕ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ (ਮੋਬਾਇਲ): 95018-42506; 95018-42505.

# ਕਿਸਾਨਾਂ ਦੇ ਸ਼ੰਭੂ ਬਾਰਡਰ ਤੋਂ ਦਿੱਲੀ ਕੂਚ ਬਾਰੇ ਹਰਿਆਣੇ ਨੇ ਡੀ ਜੀ ਪੀ ਪੰਜਾਬ ਨੂੰ ਲਿਖੀ ਚਿੱਠੀ

## ਮੀਡੀਆ ਕਰਮੀ, ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਨੂੰ ਵੀ ਦੂਰ ਰੱਖਣ ਦੀ ਸਲਾਹ ਦਿੱਤੀ



ਸ਼ੰਭੂ ਬਾਰਡਰ (ਪੰਜਾਬੀ ਅਖ਼ਬਾਰ ਬਿਊਰੋ) ਹਰਿਆਣਾ ਦੇ ਡੀਜੀਪੀ ਨੇ ਪੰਜਾਬ ਦੇ ਡੀਜੀਪੀ ਨੂੰ ਪੱਤਰ ਲਿਖ ਕੇ ਸ਼ੰਭੂ ਬਾਰਡਰ ਅਤੇ ਖਨੌਰੀ ਬਾਰਡਰ ਤੇ ਪੋਕਲੇਨ ਮਸ਼ੀਨ ਜੇਸੀਬੀ ਮਸ਼ੀਨਾਂ ਨੂੰ ਰੋਕਣ ਲਈ ਕਿਹਾ ਹੈ।ਹਰਿਆਣਾ ਦੇ ਡੀਜੀਪੀ ਨੇ ਕਿਹਾ ਕਿ ਪੋਕਲੇਨ ਅਤੇ ਜੇਸੀਬੀ ਮਸ਼ੀਨਾਂ ਦੀ ਵਰਤੋਂ ਨਾਲ ਸਰਹੱਦ ਤੇ ਅਮਨ-ਕਾਨੂੰਨ ਦੀ ਸਥਿੱਤੀ ਵਿਗੜ ਸਕਦੀ ਹੈ ਅਤੇ ਡਿਊਟੀ ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਦੀ ਜਾਨ ਵੀ ਖਤਰੇ ਵਿੱਚ ਪੈ ਸਕਦੀ ਹੈ। ਕਿਹਾ ਗਿਆ ਹੈ ਕਿ ਇਹਨਾਂ ਮਸ਼ੀਨਾਂ ਦੇ ਮਾਲਕਾਂ ਨੂੰ ਮਸ਼ੀਨਾਂ ਦੇਣ ਤੋਂ ਵਰਜਿਆ ਜਾਵੇ।

ਹਰਿਆਣਾ ਦੇ ਡੀਜੀਪੀ ਨੇ ਪੰਜਾਬ ਦੇ ਡੀਜੀਪੀ ਨੂੰ ਮੀਡੀਆ ਕਰਮੀਆਂ ਨੂੰ ਸਰਹੱਦ ਤੋਂ ਲੱਗਭੱਗ 1 ਕਿਲੋਮੀਟਰ ਦੂਰ ਰੋਕਣ ਦੀ ਅਪੀਲ ਕੀਤੀ ਹੈ। ਡੀ ਜੀ ਪੀ ਪੰਜਾਬ ਨੂੰ ਤਾਕੀਦ ਕੀਤੀ ਗਈ ਹੈ ਕਿ ਟੱਕਰ ਵਾਲੀ ਹਾਲਤ ਨੂੰ ਦੇਖਦੇ ਹੋਏ ਔਰਤਾਂ,ਬੱਚਿਆਂ ਅਤੇ ਬਜ਼ੁਰਗਾਂ ਨੂੰ ਦੂਰ ਰੱਖਿਆ ਜਾਵੇ।

ਹਰਿਆਣਾ ਦੇ ਡੀਜੀਪੀ ਨੇ ਪੱਤਰ ਲਿਖ ਕੇ ਕਿਹਾ ਕਿ ਮੀਡੀਆ ਵਾਲਿਆਂ ਅਤੇ ਉਨ੍ਹਾਂ ਦੇ ਵਾਹਨਾਂ ਨੂੰ ਸਰਹੱਦ ਤੋਂ 1 ਕਿਲੋਮੀਟਰ ਪਹਿਲਾਂ ਹੀ ਰੋਕਿਆ ਜਾਵੇ। ਬੀਤੇ ਦਿਨੀ ਸ਼ੰਭੂ ਬਾਰਡਰ ਤੇ ਇੱਕ ਪੱਤਰਕਾਰ ਜ਼ਖ਼ਮੀ ਹੋ ਗਿਆ ਸੀ।










# VESTA ELEVATE COLLECTION

ਕੂਪਰਜ਼ ਕਰਾਸਿੰਗ ਵਿੱਚ ਰਹਿੰਦਿਆਂ

## ਆਪਣਾ ਜੀਵਨ ਪੱਧਰ ਉੱਚਾ ਚੁੱਕੋ

## ਤਿੰਨ ਸਾਲ ਲਈ ਕੋਈ ਕੌਂਡੋ ਫੀਸ ਨਹੀਂ










LUXUR
URBAN
CONDOS

ਛੇਤੀ ਪੁੱਜ ਰਿਹਾ ਹੈ

ਕੂਪਰਜ਼ ਕਰਾਸਿੰਗ ਵਿਖੇ ਵੇਸਟਾ ਐਲੀਵੇਟ ਸੰਗ੍ਰਹਿ ਨੂੰ ਪੇਸ਼ ਕਰ ਰਿਹਾ ਹੈ ਜਿਸ ਵਿੱਚ ਘਰਾਂ ਦੀ ਇੱਕ ਲੜੀ ਹੈ 3-ਮੰਜ਼ਲਾ ਵਿਲੇਜ ਟਾਊਨਹੋਮਸ, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਸ, ਅਤੇ ਮਾਸਟਰ-ਆਨ-ਮੇਨ ਸਮੇਤ ਬੰਗਲੇ।ਆਲੀਸ਼ਾਨ ਅੰਦਰੂਨੀ ਮੁਕੰਮਲ ਅਤੇ ਵਿਲੱਖਣ ਬਾਹਰੀ ਸਜਾਵਟ ਵਾਲੇ ਆਧੁਨਿਕ ਸਮਕਾਲੀ ਘਰ ਆਰਕੀਟੈਕਚਰ ਇੱਕ ਪ੍ਰਮੁੱਖ ਮੰਗ ਵਾਲੇ ਇਲਾਕੇ ਵਿੱਚ ਇੱਕ ਮਨਮੋਹਕ ਕਰਬ ਅਪੀਲ ਦੀ ਪੇਸ਼ਕਸ਼ ਕਰਦਾ ਹੈ।

ਹੋਰ ਜਾਣਕਾਰੀ ਲਈ ਰਜਿਸਟਰ ਕਰੋ

## VESTAELEVATE.COM

VESTA PROPERTIES

Renderings are artistic concept only and subject to change without notice.

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com


ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੁਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com